
FARM AND SPICE
Open 7 Days a Week
8.30 am to 9.00 pm
SPECIAL OFFERS : 17 - 23 June
Daily Specials on
ਹਰੇ ਪਿਆਜ਼
Green Onions
50¢ /each
ਮਤੀਰਾ
Watermelon
79¢ /lb
ਸੇਬ ਐਂਬ੍ਰੋਸਿਆ
Apple Ambrosia
$1.39 /lb
ਹਰੇ/ਲਾਲ ਅੰਗੂਰ
Green/Red Grapes
$1.99 /lb
ਜ਼ੁਕੀਨੀ
Zucchini
99¢ /lb
ਖਰਬੂਜਾ
Cantaloupe
$2.49 /each
ਸਟ੍ਰਾਬੈਰੀ
Strawberry
1lb
$2.49 each
ਚਿੰਗ ਸਾਸ (ਐਸਾਰਟਿਡ)
Ching's Sauce
Greenchilli/Red Chilli/
Dark Soya
200g
99¢ /each
ਨਮਕੀਨਜ਼
Balaji
Assorted Namkeen
200g
$1.49 each
ਨਮਕੀਨਜ਼
Balaji
Assorted Namkeen
500g
$2.99 each
ਸ਼ਾਨ ਅਚਾਰ
Shan
Mango/mix/chilli
Punjabi mix hydrabadi Pickles
1kg
$3.99 each
ਹਲਦੀਰਾਮ ਨਮਕੀਨ
Haldiram
Assorted Namkeen
150-200g
$1.29 each
ਹੈਲੋ ਜੀ ਰੱਸ
Hello ji
Saunf Elaichi &
Milk Rusk
600g
$3.99 each
ਵੇਰਕਾ ਪੱਫ
Verka
Assorted Khari Puff
350g
$4.99 each
ਸੌਰਭੀ ਐਸਾਰਟਿਡ ਆਟਾ
Saurbhi Flour
Bajari Flour/Corn Flour/ Ragi Atta/Besan
4lb
$3.99 each
ਰੂਹਅਫਜ਼ਾ
Roohafza
Indian/Pakistani
$3.99 each
ਬਾਸਮਤੀ ਚਾਵਲ
India at Home
Dehradun Basmati Rati
8lb
$7.99 each
ਸ਼ਾਨ-ਏ-ਪੰਜਾਬ ਆਟਾ
Shaan-e-Punjab
Chakki Atta
20lb
$9.99 each
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

CIVIC FAMILY HEALTH CENTRE
WE CARE PHARMACY

# WE CARE PHARMACY & MEDICAL CLINIC






## Civic Family Health Centre & We Care Medical Clinic are accepting New Family Patients

## ਅਸੀਂ ਨਵੇਂ ਮਰੀਜ ਲੈ ਰਹੇ ਹਾਂ ਅਤੇ ਹਫਤੇ ਦੇ 7 ਦਿਨ ਖੁੱਲ੍ਹਦੇ ਹਾਂ

### WE CARE WALK-INS

When you have difficulty seeing your family doctor for your medical needs please visit our walk-in clinic.

### WE CARE COMPLEX CARE CLINIC

(Team Based Approach)

Physician | Pharmacist
Physiotherapist | Patient

### WE CARE PHARMACY SERVICES OFFERED

Medication Counselling
Over-the-counter medication advise

- Insurance Claim Processing
- Medication Reviews
- Home Care Supplies
- Diabetic Supplies
- Ostomy Supplies
- Flu Shots & routine Vaccination
- Smoking Cassation Program
- Free Prescription delivery

## ਅਸੀਂ ਪੰਜਾਬੀ,ਹਿੰਦੀ ਅਤੇ ਇੰਗਲਿਸ਼ ਵਿੱਚ ਸੇਵਾਵਾਂ ਦਿੰਦੇ ਹਾਂ।

**WE CARE MEDICAL CLINIC**
Ph: 604-593-6934
Fax: 604-593-6933

**WE CARE PHARMACY**
Ph: 604-593-6924
Fax: 604-593-6925

#100-101, 6329 King George Blvd., Surrey, BC- V3X 1G1

**CIVIC FAMILY HEALTH CENTRE**
Ph: 778-565-7844
Fax: 778-819-0180

**WE CARE PHARMACY#2**
Ph: 778-565-7988
Fax: 778-565-7989

Add:110-13588 88 Ave, Surrey, BC- V3W 3K8

For more info Please Visit www.wecarerx.ca

# ਸਿੱਖਾਂ ਦੀ ਨਸਲ ਅਤੇ ਫਸਲ ਬਚਾਉਣ ਲਈ ਸਿਮਰਨਜੀਤ ਸਿੰਘ ਮਾਨ ਨੂੰ ਜਿਤਾਇਆ ਜਾਏ:ਭਾਈ ਜਗਤਾਰ ਸਿੰਘ ਤਾਰਾ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਦੇ ਸਾਬਕਾ ਮੁੱਖਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਅਤੇ ਬੁੜੈਲ ਜੇਲ੍ਹ ਵਿੱਚ ਬੰਦ ਭਾਈ ਜਗਤਾਰ ਸਿੰਘ ਤਾਰਾ ਨੇ ਆਪਣੇ ਵਕੀਲ ਸਿਮਰਨਜੀਤ ਸਿੰਘ ਰਾਹੀਂ ਕੌਮ ਨੂੰ ਭੇਜੇ ਸੁਨੇਹੇ ਵਿਚ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਚੋਣ ਅੰਦਰ ਭਾਰੀ ਵੋਟਾਂ ਨਾਲ ਜਿੱਤਾਉਣ ਲਈ ਲੋਕਾਂ ਨੂੰ ਉਨ੍ਹਾਂ ਦੇ ਹਕ਼ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਲੋਕ ਸਭਾ ਹਲਕੇ ਦੇ ਜਾਗਦੀ ਜ਼ਮੀਰ ਵਾਲੇ ਅਣਖੀ ਵੋਟਰੋ ਤੇ ਸਪੋਰਟਰੋ ਤੁਹਾਡੇ ਲੋਕ ਸਭਾ ਹਲਕੇ ਦੀ ਹੋ ਰਹੀ ਜ਼ਿਮਨੀ ਚੋਣ ਤੇ ਪੂਰੀ ਦੁਨੀਆ ਦੀ ਅੱਖ ਹੈ। ਲੋਕਤੰਤਰੀ ਢਾਂਚੇ ਵਿੱਚ ਵੋਟਾਂ ਰਾਹੀਂ ਰਾਜਨੀਤਕ ਤਾਕਤ ਲੈ ਕੇ ਕਿਸੇ ਵੀ ਖਿੱਤੇ ਦੇ ਆਗੂ ਆਪਣੀ ਸਟੇਟ ਤੇ ਕੌਮ ਦੀ ਦਿਸ਼ਾ ਤੇ ਦਸ਼ਾ ਤੈਅ ਕਰਦੇ ਹਨ। ਆਜ਼ਾਦੀ ਦੇ 75 ਸਾਲ ਦੇ ਦਰਮਿਆਨ ਪੰਜਾਬ ਦੇ ਰਾਜਨੀਤਿਕ ਆਗੂਆਂ ਨੇ ਕਦੇ ਵੀ ਪੰਜਾਬ ਦੇ ਹਿੱਤਾਂ ਤੇ ਮੁੱਦਿਆਂ ਦੀ ਗੱਲ ਲੋਕ ਸਭਾ ਵਿਚ ਨਹੀਂ ਕੀਤੀ। ਕੇਵਲ ਸਰਦਾਰ ਕਪੂਰ ਸਿੰਘ ਆਈ ਏ ਐਸ ਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਅਜਿਹੇ ਲੋਕ ਸਭਾ ਮੈਂਬਰ ਹੋਏ ਹਨ ਜਿਹਨਾਂ ਨੇ ਹਿੰਦੋਸਤਾਨ ਦੀ ਪਾਰਲੀਮੈਂਟ ਪੰਜਾਬ ਦੇ ਹਰ ਮਸਲੇ ਦੀ ਗੱਲ ਤਰਕ ਤੇ ਦਲੀਲ ਨਾਲ ਕੀਤੀ ਹੈ । ਕੇਂਦਰ ਸਰਕਾਰ ਦੇ ਦਬਾਅ ਹੇਠ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਪੰਜਾਬ ਤੇ ਸਿੱਖ ਕੌਮ ਦੇ ਗੰਭੀਰ ਮੁੱਦਿਆਂ ਨੂੰ ਛੱਡ ਕੇ ਕੇਂਦਰ ਸਰਕਾਰ ਦੀ ਬੋਲੀ ਬੋਲ ਰਹੀਆਂ ਹਨ। ਅੱਜ ਆਰ ਐਸ ਐਸ ਵੱਲੋਂ ਪੂਰੇ ਹਿੰਦੋਸਤਾਨ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਖਤਮ ਕਰਕੇ ਹਿੰਦੂ ਪੱਖੀ ਰਾਜਨੀਤਕ ਪਾਰਟੀਆਂ ਦਾ ਉਭਾਰ ਕੀਤਾ ਜਾ ਰਿਹਾ ਹੈ ਤਾਂ ਜੋ ਘੱਟ ਗਿਣਤੀ ਸਿੱਖਾਂ ਮੁਸਲਮਾਨਾਂ ਦਲਿਤਾਂ ਤੇ ਈਸਾਈਆਂ ਨੂੰ ਹਿੰਦੂਤਵ ਵਿੱਚ ਜਜਬ ਕੀਤਾ ਜਾ ਸਕੇ । ਹਿੰਦੋਸਤਾਨ ਦੀ



ਪਾਰਲੀਮੈਂਟ ਵਿਚ ਕੋਈ ਇਸਾਈ, ਮੁਸਲਮਾਨ, ਸਿੱਖ ਤੇ ਦਲਿਤ ਆਗੂ ਆਪਣੀ ਕੌਮਾਂ ਦੀ ਹੋਂਦ ਨੂੰ ਬਚਾਉਣ ਲਈ ਆਵਾਜ਼ ਉਠਾਉਣ ਦੀ ਜੁਰਅਤ ਨਹੀਂ ਕਰ ਰਿਹਾ । ਸਰਦਾਰ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਵਿੱਚ ਪੰਜਾਬ ਤੇ ਸਿੱਖਾਂ ਤੇ ਘੱਟ ਗਿਣਤੀਆਂ ਦੇ ਹੋ ਰਹੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਉਠਾਈ ਹੈ ਜਿਸ ਕਰਕੇ ਉਨ੍ਹਾਂ ਨੂੰ ਮੁੜ ਲੋਕ ਸਭਾ ਵਿੱਚ ਭੇਜਣਾ ਆਪਣੇ ਸਾਰਿਆਂ ਦਾ ਫਰਜ਼ ਬਣਦਾ ਹੈ ਤਾਂ ਜੋ ਪੰਜਾਬ ਦੀ ਨਸਲ ਤੇ ਫਸਲ ਨੂੰ ਬਚਾਇਆ ਜਾ ਸਕੇ। ਇਸ ਲਈ ਜਰੂਰੀ ਹੈ ਕਿ ਇਸ ਵਾਰ ਸੰਗਰੂਰ ਹਲਕੇ ਤੋਂ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਭਾਰੀ ਗਿਣਤੀ ਵਿਚ ਵੋਟਾਂ ਨਾਲ ਜਿੱਤਾ ਕੇ ਲੋਕ ਸਭਾ ਵਿਚ ਭੇਜਿਆ ਜਾਏ।

# 32 ਸਾਲਾਂ ਬਾਅਦ ਦੋ ਖਾਲਿਸਤਾਨੀ ਨੇਤਾਵਾਂ ਸਿਮਰਨਜੀਤ ਸਿੰਘ ਮਾਨ ਅਤੇ ਰਾਜਦੇਵ ਸਿੰਘ ਖਾਲਸਾ ਵਿਚ ਹੋਈ ਮੁਕੰਮਲ ਏਕਤਾ



ਸੰਗਰੂਰ:-ਲੋਕ ਸਭਾ ਹਲਕਾ ਸੰਗਰੂਰ ਦੀ ਜਿਮਨੀ ਚੋਣ ਨੇ 32 ਸਾਲਾਂ ਤੋ ਵੱਖ ਹੋਏ ਖਾਲਸਾ ਪੰਥ ਅਤੇ ਖਾਲਿਸਤਾਨ ਦੇ ਹਾਮੀ ਦੋ ਵੱਡੇ ਆਗੂਆਂ ਨੂੰ ਮੁੜ ਤੋਂ ਇੱਕ ਕਰ ਦਿੱਤਾ ਹੈ। ਸੰਗਰੂਰ ਤੋਂ ਉਮੀਦਵਾਰ ਅਤੇ ਸ੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਉਸ ਮੌਕੇ ਵੱਡਾ ਹੁਲਾਰਾ ਮਿਲਿਆ ਜਦੋਂ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਫੌਜਦਾਰੀ ਕੇਸਾਂ ਦੇ ਵਕੀਲ ਰਾਜਦੇਵ ਸਿੰਘ ਖਾਲਸਾ ਨੇ ਮਾਨ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਬੀਤੇ ਦਿਨੀਂ ਰਾਜਦੇਵ ਸਿੰਘ ਖਾਲਸਾ ਦੇ ਘਰ ਪਹੁੰਚੇ ਸਿਮਰਨਜੀਤ ਸਿੰਘ ਮਾਨ ਨੇ ਰਾਜਦੇਵ ਸਿੰਘ ਖਾਲਸਾ ਦੇ ਨਾਲ ਇਕੱਠਿਆਂ ਬੈਠ ਕੇ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਇਤਿਹਾਸਕ ਏਕਤਾ ਦਾ ਇੰਕਸਾਫ ਕੀਤਾ। ਖਾਲਸਾ ਨੇ ਕਿਹਾ ਕਿ ਮਾਨ ਦੀ ਸੋਚ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਕੌਮੀ ਘਰ ਖਾਲਿਸਤਾਨ ਲਈ ਮਾਨ ਵੀ ਲੜਾਈ ਲੜ ਰਹੇ ਹਨ ਅਤੇ ਮੈ ਵੀ ਕੌਮੀ ਘਰ ਲਈ ਦ੍ਰਿੜ ਸੰਕਲਪ ਹਾਂ। ਉਹਨਾਂ ਕਿਹਾ ਕਿ ਭਾਵੇਂ ਅਸੀ 32 ਸਾਲਾਂ ਦੇ ਲੰਮੇ ਵਕਫੇ ਬਾਅਦ ਇਕੱਠੇ ਹੋਏ ਹਾਂ,ਪਰੰਤੂ ਮਾਨ ਉਦੋਂ ਵੀ ਸਾਡਾ ਆਗੂ ਸੀ ਤੇ ਅੱਜ ਵੀ ਆਗੂ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



Charlesworth insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"




Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਉ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ''ਅਸੀ ਤੁਹਾਡੇ ਨਾਲੋਂ ਜ਼ਿਆਦਾ ਈਮਾਨਦਾਰ ਹਾਂ'' ਵਾਲੀ ਸਿਆਸੀ ਪਾਰਟੀਆਂ ਦੀ ਲੜਾਈ

## ਅਜੀਬ ਇਤਫ਼ਾਕ ਹੈ ਕਿ ਜਦ ਇਸ ਫ਼ਾਈਲ ਦਾ ਜ਼ਿਕਰ ਆਇਆ ਤਾਂ ਕਈ ਕਾਂਗਰਸੀ ਆਗੂ ਰਾਤੋ ਰਾਤ ਭਾਜਪਾਈ ਬਣ ਗਏ

ਕਾਂਗਰਸ ਦੇ ਸਾਰੇ ਵਿਧਾਇਕ ਅਪਣੇ ਦੋ ਸਾਥੀਆਂ ਵਾਸਤੇ ਕਲ ਮੁੱਖ ਮੰਤਰੀ ਦੇ ਦਫ਼ਤਰ ਦੇ ਬਾਹਰ ਬੈਠ ਗਏ। ਸਾਧੂ ਸਿੰਘ ਧਰਮਸੋਤ ਅਤੇ ਗਿਲਜੀਆਂ ਉਤੇ ਜੋ ਦੋਸ਼ ਲਗਾਏ ਗਏ ਹਨ ਉਨ੍ਹਾਂ ਨੂੰ ਕਾਂਗਰਸ ਸਿਆਸੀ ਬਦਲਾਖ਼ੋਰੀ ਦਸ ਰਹੀ ਹੈ। ਪਰ ਸਾਬਕਾ ਕਾਂਗਰਸੀ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਕ ਫ਼ਾਈਲ ਲੈ ਕੇ ਬੈਠੇ ਹਨ ਜਿਸ ਵਿਚ ਉਨ੍ਹਾਂ ਦੇ ਕਾਰਜਕਾਲ ਦੌਰਾਨ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਬਾਰੇ ਭ੍ਰਿਸ਼ਟਾਚਾਰ ਦੀ ਜਾਣਕਾਰੀ ਦਿਤੀ ਗਈ ਹੈ। ਅਜੀਬ ਇਤਫ਼ਾਕ ਹੈ ਕਿ ਜਦ ਇਸ ਫ਼ਾਈਲ ਦਾ ਜ਼ਿਕਰ ਆਇਆ ਤਾਂ ਕਈ ਕਾਂਗਰਸੀ ਆਗੂ ਰਾਤੋ ਰਾਤ ਭਾਜਪਾਈ ਬਣ ਗਏ।

ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਹੁੰਦੇ ਹੋਏ ਆਪ ਮੰਨ ਰਹੇ ਹਨ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਭ੍ਰਿਸ਼ਟਾਚਾਰ ਸੀ, ਤਾਂ ਇਸ ਤੋਂ ਜ਼ਿਆਦਾ ਸ਼ਰਮਨਾਕ ਹੋਰ ਕੀ ਗੱਲ ਹੋ ਸਕਦੀ ਹੈ? ਪਰ ਕਾਂਗਰਸ ਹੁਣ ਇਕਜੁਟ ਹੋ ਕੇ ਅਪਣੇ ਸਾਥੀਆਂ ਨਾਲ ਖੜੀ ਹੋਣ ਲਈ ਮਜਬੂਰ ਹੈ। ਇਹ ਉਨ੍ਹਾਂ ਦੀ ਖ਼ਾਸੀਅਤ ਹੈ ਕਿ ਉਹ ਸਮੇਂ ਦੀ ਮੰਗ ਦੇ ਉਲਟ ਚਲਣਾ ਪਸੰਦ ਕਰਦੇ ਹਨ। ਜਦ ਇਕਜੁਟ ਹੋਣ ਦਾ ਸਮਾਂ ਸੀ ਤਾਂ ਇਹ ਲੋਕ ਇਕ ਦੂਜੇ ਵਿਰੁਧ ਚਲਦੇ ਸਨ ਤੇ ਹੁਣ ਜਦ 'ਆਪ' ਪਾਰਟੀ ਦੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੇ ਕਥਨਾਂ ਦੀ ਸਚਾਈ ਲੱਭਣ ਲਈ ਕੁੱਝ ਕਾਰਵਾਈ ਕਰ ਰਹੀ ਹੈ ਤਾਂ ਕਾਂਗਰਸੀ ਇਕਜੁਟ ਹੋਣ ਦਾ ਵਿਖਾਵਾ ਕਰ ਰਹੇ ਹਨ। ਜੇ ਉਨ੍ਹਾਂ ਇਹ ਇਕਜੁਟਤਾ ਪਹਿਲਾਂ ਵਿਖਾ ਦਿਤੀ ਹੁੰਦੀ ਤਾਂ ਸ਼ਾਇਦ 'ਆਪ' ਸਰਕਾਰ ਬਣਦੀ ਹੀ ਨਾ ਤੇ ਕਾਂਗਰਸੀਆਂ ਉਤੇ ਲੱਗੇ ਦੋਸ਼ ਬਾਹਰ ਆਉਂਦੇ ਹੀ ਨਾ।

ਪੰਜਾਬ ਵਿਚ ਮਾਨ ਸਰਕਾਰ ਨੇ ਅਪਣਾ ਹੀ ਮੰਤਰੀ ਕੱਢ ਕੇ ਇਕ ਨਵੀਂ ਰੀਤ ਦੀ ਸ਼ੁਰੂਆਤ ਕੀਤੀ ਤੇ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਕਿ ਹੁਣ ਵਜ਼ੀਰ ਬਣੇ ਰਹਿਣਾ ਹੈ ਤਾਂ ਇਮਾਨਦਾਰ ਹੋਣਾ ਹੀ ਪਵੇਗਾ। ਪਰ ਜਿਉਂ ਹੀ ਇਹ ਕਦਮ ਕਾਂਗਰਸੀ ਆਗੂਆਂ ਵਿਰੁੱਧ ਚੁੱਕੇ ਗਏ ਤਾਂ ਦਿੱਲੀ ਵਿਚ ਮੰਤਰੀ ਜੈਨ ਤੇ ਕਰੀਬੀਆਂ ਤੇ ਰੇਡ ਪਾ ਕੇ ਭਾਜਪਾ ਨੇ 'ਆਪ' ਵਾਲਿਆਂ ਦੀ ਈਮਾਨਦਾਰੀ ਉਤੇ ਅਪਣਾ ਦਾਗ਼ ਪੋਚ ਦਿਤਾ। ਭਾਜਪਾ ਨੇ 2ਜੀ ਸਕੀਮ ਤੇ ਅੰਨਾ ਹਜ਼ਾਰੇ ਲਹਿਰ ਸਦਕਾ ਕਾਂਗਰਸ ਨੂੰ ਭ੍ਰਿਸ਼ਟ ਵਿਖਾ ਕੇ ਦੇਸ਼ ਦੀ ਸੱਤਾ ਹਾਸਲ ਕੀਤੀ ਸੀ। ਹੁਣ ਭਾਜਪਾ ਦੇ 8 ਸਾਲ ਪੂਰੇ ਹੋਣ ਤੇ ਪ੍ਰਧਾਨ ਮੰਤਰੀ ਮੋਦੀ ਨੇ ਬੜੇ ਫ਼ਖ਼ਰ ਨਾਲ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਕੋਈ ਵੱਡਾ ਸਕੈਮ ਨਹੀਂ ਹੋਇਆ। ਕਾਂਗਰਸ ਰਾਫ਼ੇਲ ਦਾ ਰੌਲਾ ਪਾਉਂਦੀ ਰਹੀ ਪਰ ਸਾਬਤ ਕੁੱਝ ਨਾ ਕਰ ਸਕੀ।

ਭਾਜਪਾ ਨੇ ਕਾਂਗਰਸ ਦੇ ਗਾਂਧੀ ਪ੍ਰਵਾਰ ਨੂੰ ਵੀ ਈ.ਡੀ. ਦੇ ਚੱਕਰਾਂ ਵਿਚ ਘੇਰ ਲਿਆ ਹੈ ਤੇ ਪੀ. ਚਿਦੰਬਰਮ ਦਾ ਬੇਟਾ ਪਹਿਲਾਂ ਹੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ ਵਿਚ ਰਹਿ ਵੀ ਚੁੱਕਾ ਹੈ ਤੇ ਹੁਣ ਵੀ ਜ਼ਮਾਨਤ ਤੇ ਬਾਹਰ ਹੈ।

ਜਿਥੇ ਕਾਂਗਰਸ ਇਕਜੁਟ ਰਹਿਣਾ ਸਿਖ ਰਹੀ ਹੈ, ਉਥੇ 'ਆਪ' ਤੇ ਭਾਜਪਾ ਇਮਾਨਦਾਰੀ ਦੇ ਖ਼ਿਤਾਬ ਵਾਸਤੇ ਲੜ ਰਹੇ ਹਨ। 'ਆਪ' ਵਿਚ ਭਾਜਪਾ ਉਤੇ ਹਮਲਾਵਰ ਹੋਣ ਦੀ ਤਾਕਤ ਨਹੀਂ। ਸੋ ਉਨ੍ਹਾਂ ਦੇ ਨਿਸ਼ਾਨੇ ਤੇ ਕਾਂਗਰਸ ਹੈ। ਪਰ ਜੇ ਭਾਜਪਾ ਕਾਂਗਰਸ ਦੇ ਦਾਗ਼ੀਆਂ ਨੂੰ ਸ਼ਰਨ ਦੇ ਰਹੀ ਹੈ ਤਾਂ ਕੀ ਉਹ ਇਮਾਨਦਾਰੀ ਦਾ ਢੋਲ ਵਜਾਉਂਦੀ ਠੀਕ ਲਗਦੀ ਹੈ?

ਇਨ੍ਹਾਂ ਸਾਰੇ ਸਿਆਸੀ ਆਗੂਆਂ ਦੀ ''ਅਸੀ ਸੱਭ ਤੋਂ ਵੱਡੇ ਈਮਾਨਦਾਰ'' ਵਾਲੀ ਲੜਾਈ ਵੇਖ ਕੇ ਇਹ ਸਵਾਲ ਜ਼ਰੂਰ ਉਠਦਾ ਹੈ ਕਿ ਆਖ਼ਰ ਇਮਾਨਦਾਰੀ ਹੁੰਦੀ ਕੀ ਹੈ?ਕੀ ਇਮਾਨਦਾਰੀ ਤਾਕਤਵਰ ਦੀ ਗੋਲੀ (ਨੌਕਰਾਣੀ) ਹੁੰਦੀ ਹੈ ਜਾਂ ਕੀ ਸਿਆਸਤਦਾਨਾਂ ਦੇ ਸਮੂਹ ਵਿਚੋਂ ਇਮਾਨਦਾਰੀ ਲਭਣੀ ਮੁਮਕਿਨ ਵੀ ਹੈ? ਜਦ ਤਾਕਤ ਵਿਚ ਬੈਠੇ ਹੁੰਦੇ ਹਨ ਤਾਂ ਅਪਣੀ ਤਾਕਤ ਸਦਕੇ ਇਕ ਆਮ ਇਨਸਾਨ ਤੋਂ ਕਿਤੇ ਵੱਧ ਸਹੂਲਤਾਂ ਲੈ ਜਾਂਦੇ ਹਨ ਤਾਂ ਕੀ ਉਹ ਇਮਾਨਦਾਰ ਰਹਿ ਵੀ ਸਕਦੇ ਹਨ? ਜਿਹੜੇ ਲੋਕ ਸ਼ਾਸਕਾਂ ਦੇ ਚਹੇਤੇ ਹੁੰਦੇ ਹਨ, ਉਨ੍ਹਾਂ ਨੂੰ ਤਾਂ



ਜੇਲਾਂ ਵਿਚ ਵੀ.ਆਈ.ਪੀ. ਸੈੱਲ ਮਿਲ ਜਾਂਦੇ ਹਨ ਤੇ ਬਾਕੀ ਆਮ ਇਨਸਾਨ 8+8 ਦੇ ਕਬੂਤਰਖ਼ਾਨਿਆਂ ਵਿਚ ਡੱਕੇ ਰਹਿੰਦੇ ਹਨ।

ਕਈਆਂ ਦੀ ਪੈਸੇ ਨਾਲ ਅਤੇ ਕਈਆਂ ਦੀ ਜਾਣ ਪਹਿਚਾਣ ਸਦਕੇ ਹੀ ਫ਼ਾਈਲ ਤੇਜ਼ ਚਲਣ ਲਗਦੀ ਹੈ। ਕਈਆਂ ਦੀਆਂ ਫ਼ਾਈਲਾਂ ਸਾਲਾਂ ਤਕ ਖੁੱਡੇ ਲਾਈਨ ਪਈਆਂ ਰਹਿ ਜਾਂਦੀਆਂ ਹਨ। ਝੂਠੀਆਂ ਕਦਰਾਂ ਕੀਮਤਾਂ ਨੂੰ ਪ੍ਰਣਾਏ ਹੋਏ ਸਿਆਸਤਦਾਨ ਕੀ ਇਮਾਨਦਾਰੀ ਦੇ ਤਾਜ ਦੇ ਹੱਕਦਾਰ ਬਣ ਵੀ ਸਕਦੇ ਹਨ ਜਾਂ ਇਹ ਸਾਰੀ ਕਾਇਨਾਤ ਦੀ ਲੜਾਈ ਵਾਂਗ ਤਾਕਤਵਰ ਦੀ ਹੀ ਲੜਾਈ ਹੈ? ਤਾਕਤਵਰ ਹੀ ਇਮਾਨਦਾਰ ਹੈ ਤੇ ਬਾਕੀ ਸਿਰ ਝੁਕਾਅ ਕੇ ਉਸ ਦੇ ਦਾਅਵੇ ਨੂੰ ਕਬੂਲਣ ਵਾਸਤੇ ਮਜਬੂਰ ਹੁੰਦੇ ਹਨ।

-ਸਪੋਕਸਮੈਨ ਸਮਾਚਾਰ ਸੇਵਾ

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic


UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਕੈਨੇਡਾ ਦੇ ਸਬਜ਼ਬਾਗ ਦਿਖਾ ਕੇ ਇੱਕ ਹੋਰ ਅੰਤਰਰਾਸ਼ਟਰੀ ਵਿਦਿਆਰਥਣ ਪਤੀ ਨੂੰ ਧੋਖਾ ਦੇ ਕੇ ਪਹੁੰਚੀ ਕੈਨੇਡਾ

## ਲੜਕੀ ਨੇ ਪਰਿਵਾਰ ਨਾਲ ਮਿਲ ਕੇ ਵਿਦੇਸ਼ ਲਿਜਾਣ ਦੇ ਨਾਮ ’ਤੇ ਮਾਰੀ 26 ਲੱਖ ਰੁਪਏ ਦੀ ਠੱਗੀ:ਦੋਸ਼ ਸਾਬਤ ਹੋਣ ‘ਤੇ ਧੋਖਾਧੜੀ ਅਤੇ ਜਾਅਲਸਾਜੀ ਦਾ ਮੁਕੱਦਮਾ ਹੋਇਆ ਦਰਜ

ਵੈਨਕੂਵਰ(ਬਰਾੜ-ਭਗਤਾ ਭਾਈ ਕਾ):ਜਦੋਂ ਤੋਂ ਆਈਲੈਟਸ ਕਰਕੇ ਵਿਦਿਆਰਥੀ ਕੈਨੇਡਾ ਪੜ੍ਹਣ ਲਈ ਆ ਰਹੇ ਹਨ ਤਾਂ ਉਦੋਂ ਤੋਂ ਹੀ ਖਾਸ ਕਰਕੇ ਵੱਡੀ ਗਿਣਤੀ ‘ਚ ਵਿਦਿਆਰਥਣ ਕੁੜੀਆਂ ਆਪਣੇ ਮਾਪਿਆਂ ਦੇ ਨਾਲ ਮਿਲ ਕੇ ਠੱਗੀ ਦੀ ਸਾਜ਼ਿਸ਼ ਘੜ ਕੇ ਲੜਕੇ ਵਾਲਿਆਂ ਤੋਂ ਵਿਆਹ ‘ਤੇ ਅਤੇ ਕੈਨੇਡਾ ਪਹੁੰਚਣ ਤੱਕ ਦੇ ਸਾਰੇ ਖਰਚ ਤੋਂ ਇਲਾਵਾ ਕਾਲਜ ਫ਼ੀਸਾਂ ਭਰਵਾਉਣ ਪਿੱਛੋਂ ਪਤੀ ਨੂੰ ਕੈਨੇਡਾ ਬੁਲਾਉਣ ਤੋਂ ਇਨਕਾਰੀ ਹੋ ਜਾਂਦੀਆਂ ਹਨ। ਇਸੇ ਤਰਾਂ ਹੀ ਅਜਿਹੀ ਇੱਕ ਹੋਰ ਠੱਗੀ ਦੀ ਘਟਨਾ ਮੋਗਾ ਜ਼ਿਲ੍ਹਾ ਦੇ ਥਾਣਾ ਅਜੀਤਵਾਲ ਅਧੀਨ ਪੈਂਦੇ ਪਿੰਡ ਮੱਧੋਕੇ ਤੋਂ ਸਾਹਮਣੇ ਆਈ ਹੈ। ਇਥੋਂ ਦੇ ਵਸਨੀਕ ਧਰਮਿੰਦਰ ਸਿੰਘ ਪੁੱਤਰ ਗੁਰਨੇਕ ਸਿੰਘ ਨਾਲ ਥਾਣਾ ਬਾਘਾ ਪੁਰਾਣਾ ਦੇ ਪਿੰਡ ਰੋਡੇ ਦੀ ਲੜਕੀ ਸੁਖਵੀਰ ਕੌਰ, ਜੋ ਕਿ ਕੈਨੇਡਾ ਰਹਿੰਦੀ ਹੈ, ਨੇ ਆਪਣੇ ਪਰਿਵਾਰ ਨਾਲ ਮਿਲ ਕੇ ਕਥਿਤ ਤੌਰ ’ਤੇ ਧਰਮਿੰਦਰ ਸਿੰਘ ਨਾਲ ਵਿਆਹ ਕਰਵਾ ਕੇ ਉਸ ਨੂੰ ਕੈਨੇਡਾ ਲਿਜਾਣ ਦੀ ਆੜ ‘ਚ 26 ਲੱਖ ਰੁਪਏ ਦੀ ਠੱਗੀ ਮਾਰੀ ਹੈ। ਧਰਮਿੰਦਰ ਸਿੰਘ ਨੇ ਥਾਣਾ ਅਜੀਤ ਵਾਲ ‘ਚ ਆਪਣੇ ਨਾਲ ਹੋਈ ਠੱਗੀ ਦਾ ਦੋਸ਼ ਲਗਾਇਆ ਹੈ ਕਿ ਉਸਦਾ ਵਿਆਹ ਰੋਡੇ ਪਿੰਡ ਦੀ ਸੁਖਵੀਰ ਕੌਰ ਪੁੱਤਰੀ ਬਲਵਿੰਦਰ ਸਿੰਘ (ਮਤਰੇਆ ਪਿਤਾ), ਮਾਤਾ ਦਾ ਨਾਂ ਬਲਜੀਤ ਕੌਰ, ਨਾਲ ਮਿਤੀ 22.1.2018 ਨੂੰ ਸਿੱਖ ਰੀਤੀ ਰਿਵਾਜਾਂ ਨਾਲ ਨਾਲ ਹੋਇਆ ਸੀ। ਧਰਮਿੰਦਰ ਸਿੰਘ ਵੱਲੋਂ ਦੋਸ਼ ਹੈ ਕਿ ਸੁਖਵੀਰ ਕੌਰ ਦੇ ਪਿਤਾ ਬਲਵਿੰਦਰ ਸਿੰਘ ਅਤੇ ਮਾਤਾ ਬਲਜੀਤ ਕੌਰ ਨੇ ਉਸ ਨੂੰ ਵਿਆਹ ਦੀ ਗੱਲਬਾਤ ਚੱਲਣ ਦੌਰਾਨ ਵਿਸ਼ਵਾਸ ਦੁਆਇਆ ਕਿ ਉਹ ਆਪਣੀ ਧੀ ਸੁਖਵੀਰ ਕੌਰ ਨਾਲ ਉਸ ਦਾ ਵਿਆਹ ਕਰਕੇ ਉਸ ਨੂੰ ਕੈਨੇਡਾ ਭੇਜ ਦੇਣਗੇ। ਵਿਆਹ ਦੀ ਸਾਰੀ ਗੱਲ ਤਹਿ ਹੋ ਗਈ ਅਤੇ ਮਿਥੀ ਤਾਰੀਖ ਅਨੁਸਾਰ ਧਰਮਿੰਦਰ ਸਿੰਘ ਅਤੇ ਸੁਖਵੀਰ ਕੌਰ ਦਾ ਵਿਆਹ ਹੋ ਗਿਆ। ਲੜਕੇ ਵਾਲਿਆਂ ਵੱਲੋਂ 12.00.000/-ਰੁਪਏ ਵਿਆਹ ‘ਤੇ ਖਰਚ ਕੀਤੇ ਗਏ ਜਿਸ ਵਿੱਚ ਰਿੰਗ ਸੈਰੇਮਨੀ, ਮੰਗਣੀ ਪ੍ਰੋਗਰਾਮ ਦਾ ਖ਼ਰਚਾ ਅਤੇ ਅਨੰਦ ਕਾਰਜ ਵਾਲੇ ਦਿਨ ਦਾ ਖ਼ਰਚਾ ਸ਼ਾਮਲ ਹਨ। ਇਸ ਤੋਂ ਇਲਾਵਾ 15 ਤੋਲੇ ਸੋਨੇ ਦੇ ਗਹਿਣੇ ਸੁਖਵੀਰ ਕੌਰ ਨੂੰ ਪਾਏ ਗਏ ਜੋ ਅੱਜ ਵੀ ਸੁਖਵੀਰ ਕੌਰ ਕੋਲ ਹਨ। ਵਿਆਹ ਤੋਂ 10 ਦਿਨ ਬਾਅਦ ਸੁਖਵੀਰ ਕੌਰ ਕੈਨੇਡਾ ਪਹੁੰਚ ਗਈ ਤੇ ਉਸ ਨੂੰ ਸਹੁਰਾ ਪਰਿਵਾਰ ਵੱਲੋਂ ਜਾਣ ਸਮੇਂ 3,00,000/- ਰੁਪਏ ਨਗਦ ਅਤੇ 50,000/- ਰੁਪਏ ਦਾ ਸਮਾਨ ਲੈ ਕੇ ਦਿੱਤਾ। ਸੁਖਵੀਰ ਕੌਰ ਦੇ ਕੈਨੇਡਾ ਪਹੁੰਚਣ ਪਿੱਛੋਂ ਧਰਮਿੰਦਰ ਦੇ ਤਾਏ ਦੇ ਲੜਕੇ ਸਤਵਿੰਦਰ ਸਿੰਘ ਜੋ ਕੈਨੇਡਾ ‘ਚ ਰਹਿੰਦਾ ਹੈ ਨੇ ਸੁਖਵੀਰ ਕੌਰ ਦੀ ਮੰਗ ‘ਤੇ ਕੈਨੇਡਾ ਬੈਂਕ ਦੇ ਖਾਤੇ ‘ਚ 5,000/- ਡਾਲਰ 23.2.2018 ਨੂੰ ਟਰਾਂਸਫ਼ਰ ਕੀਤੇ ਜਿਸ ਦੀ ਕੀਮਤ 3 ਲੱਖ ਦੇ ਕਰੀਬ ਬਣਦੀ ਹੈ। ਇਸ ਤੋਂ ਬਿਨਾਂ ਧਰਮਿੰਦਰ ਦੇ ਤਾਈ ਦੀ ਲੜਕੀ ਰਾਜਵਿੰਦਰ ਕੌਰ (ਕੈਨੇਡਾ) ਨੇ ਸੁਖਵੀਰ ਕੌਰ ਦੇ ਖਾਤੇ ‘ਚ ਮੰਗ ਕਰਨ ‘ਤੇ 1017 ਡਾਲਰ 3.5.2018 ਨੂੰ ਜਮ੍ਹਾਂ ਕਰਵਾਏ ਜਿਸ ਦੀ ਕੀਮਤ 60 ਹਜ਼ਾਰ ਰੁਪਏ ਬਣਦੀ। ਇਸ ਤੋਂ ਇਲਾਵਾ ਹੋਰ ਰਕਮ ਠੱਗਣ ਅਤੇ ਠੱਗੀ ਗਈ ਰਕਮ ਬਾਰੇ ਗੱਲਬਾਤ ਠੱਪ ਕਰਨ ਲਈ ਸੁਖਵੀਰ ਕੌਰ ਨੇ ਨਵੀਂ ਚਾਲ ਚਲਦਿਆਂ ਆਪਣੇ ਪਤੀ ਧਰਮਿੰਦਰ ਸਿੰਘ ਨੂੰ ਕੈਨੇਡਾ ਬੁਲਾਉਣ ਲਈ ਭਰੇ ਗਏ ਕਾਗਜ਼ਾਂ ‘ਚ ਜਾਣਬੁੱਝ ਕੇ ਤਰੁੱਟੀਆਂ ਛੱਡ ਦਿੱਤੀਆਂ ਅਤੇ ਕੁਝ ਅੰਕੜੇ ਗਲਤ ਭਰ ਦਿੱਤੇ ਤਾਂ ਕਿ ਉਸ ਦਾ ਕੇਸ ਰੱਦ ਹੋ ਜਾਵੇ। ਕੈਨੇਡਾ ਅੰਬੈਸੀ ਨੇ ਗਲਤ ਜਾਣਕਾਰੀ ਦੇਣ ਬਦਲੇ ਕੇਸ ਰੱਦ ਕਰ ਦਿੱਤਾ। ਇਸ ਪਿੱਛੋਂ ਜਦ ਕੇਸ ਬਾਰੇ ਗੱਲ ਕੀਤੀ ਤਾਂ ਸੁਖਵੀਰ ਕੌਰ ਤੇ ਉਸ ਦੇ ਮਾਤਾ ਪਿਤਾ ਕਹਿਣ ਲੱਗੇ ਕਿ ਜੇ ਕੇਸ ਦੋਬਾਰਾ ਲਾਉਣਾ ਹੈ ਤਾਂ 15 ਲੱਖ ਹੋਰ ਦਿਓ। ਇਨ੍ਹਾਂ ਗੱਲਾਂ ਤੋਂ ਇਹ ਗੱਲ ਸਪੱਸ਼ਟ ਹੀ ਹੋ ਗਈ ਸੀ ਕਿ ਸੁਖਵੀਰ ਕੌਰ ਅਤੇ ਉਸ ਦੇ ਮਾਤਾ ਪਿਤਾ ਨੇ ਠੱਗੀ ਮਾਰਨ ਦੀ ਆੜ ਵਿੱਚ ਹੀ ਇਹ ਵਿਆਹ ਕੀਤਾ ਸੀ। ਇਸ ਪਿੱਛੋਂ ਕਈ ਵਾਰ ਪੰਚਾਇਤ ਰੂਪੀ ‘ਚ ਗੱਲਬਾਤ ਨਿਬੇੜਣ ਲਈ ਦੋਵੇਂ ਪਰਿਵਾਰਾਂ ਵੱਲੋਂ ਇਕੱਠ ਵੀ ਹੋਏ ਪਰ ਲੜਕੀ ਵਾਲੇ ਪਰਿਵਾਰ ਨੇ ਕੋਈ ਤਸੱਲੀ ਬਖਸ਼ ਜਵਾਬ ਨਾ ਦਿੱਤਾ ਤੇ ਕਹਿਣ ਲੱਗੇ ਕਿ ਜੋ ਕੁਝ ਕਰਨਾ ਕਰ ਲਵੋ ਅਤੇ ਸੁਖਵੀਰ ਕੌਰ ਨੇ ਆਪਣੇ ਪਤੀ ਧਰਮਿੰਦਰ ਅਤੇ ਸਹੁਰਾ ਪਰਿਵਾਰ ਨਾਲ ਗੱਲਬਾਤ ਕਰਨੀ ਬੰਦ ਕਰ ਦਿੱਤੀ। ਇਸ ਉਪਰੰਤ ਧਰਮਿੰਦਰ ਨੇ ਮੋਗਾ ਦੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਇਸ ਸੰਬੰਧੀ ਇਨਸਾਫ਼ ਲਈ ਦਰਖਾਸਤ ਦਿੱਤੀ ਤੇ ਪੁਲਿਸ ਮੁਖੀ ਨੇ ਇਸ ਕੇਸ ਦੀ ਪੜਤਾਲ ਕਰਨ ਦੇ ਹੁਕਮ ਕ੍ਰਿਮੀਨਲ ਇੰਟੈਲੀਜੈਂਸੀ ਦੀ ਸਪੈਸ਼ਲ ਕਰਾਈਮ ਬ੍ਰਾਂਚ ਦੇ ਡੀ ਐਸ ਪੀ ਨੂੰ ਦੇ ਦਿੱਤੇ ਜਿਸ ਨੇ ਪੜਤਾਲ ਕਰਕੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਸੁਖਵੀਰ ਕੌਰ ਦੇ ਖ਼ਿਲਾਫ਼ ਸਹੀ ਰਿਪੋਰਟ ਕਰ ਦਿੱਤੀ ਜਿਸ ਦੇ ਅਧਾਰਤ ਪੁਲਿਸ ਨੇ ਸੁਖਵੀਰ ਕੌਰ ਪਤਨੀ ਧਰਮਿੰਦਰ ਸਿੰਘ, ਬਲਵਿੰਦਰ ਸਿੰਘ (ਲੜਕੀ ਦਾ ਪਿਤਾ) ਉਰਫ ਬੂਟਾ ਸਿੰਘ ਪੁੱਤਰ ਗਿੰਦਰ ਸਿੰਘ, ਬਲਜੀਤ ਕੌਰ (ਲੜਕੀ ਦੀ ਮਾਤਾ) ਪਤਨੀ ਬਲਵਿੰਦਰ ਸਿੰਘ ਨੂੰ ਦੋਸ਼ੀ ਨਾਮਜ਼ਦ ਕਰਕੇ ਉਨ੍ਹਾਂ ਖ਼ਿਲਾਫ਼ ਆਈ ਪੀ ਸੀ ਦੀ ਧਾਰਾ 420 ਅਤੇ 120-ਬੀ ਦੇ ਤਹਿਤ ਜਾਅਲਸਾਜ਼ੀ ਅਤੇ ਅਪਰਾਧਕ ਧੋਖਾਧੜੀ ਦਾ 39 ਨੰਬਰ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਦੋਸ਼ੀਆਂ ਨੂੰ ਫੜ੍ਹਣ ਲਈ ਛਾਪੇਮਾਰੀ ਕੀਤੀ ਗਈ।


ਵਿਆਹ ਤੋਂ ਪਹਿਲਾਂ


-ਵਿਆਹ ਤੋਂ ਬਾਅਦ

## ਅਮਰੀਕੀ ਜਨਰਲ ਦਾ ਬਿਆਨ ‘ਅੱਗ ਨੂੰ ਹਵਾ ਦੇਣ’ ਵਾਲਾ:ਚੀਨ

ਪੇਈਚਿੰਗ:-ਚੀਨ ਨੇ ਪੂਰਬੀ ਲੱਦਾਖ ਵਿੱਚ ਬੁਨਿਆਦੀ ਢਾਂਚੇ ਦੀ ਉਸਾਰੀ ਨੂੰ ਲੈ ਕੇ ਅਮਰੀਕੀ ਫੌਜ ਦੇ ਸਿਖਰਲੇ ਜਰਨੈਲ ਵੱਲੋਂ ਕੀਤੀਆਂ ਟਿੱਪਣੀਆਂ ਨੂੰ ‘ਘ੍ਰਿਣਾਯੋਗ ਕਾਰਵਾਈ’ ਕਰਾਰ ਦਿੱਤਾ ਹੈ। ਚੀਨ ਨੇ ਕੁਝ ਅਮਰੀਕੀ ਅਧਿਕਾਰੀਆਂ ਵੱਲੋਂ ‘ਅੱਗ ’ਚ ਘਿਉ ਪਾਉਣ’ ਦੇ ਕੀਤੇ ਜਾ ਰਹੇ ਯਤਨਾਂ ਦੀ ਨੁਕਤਾਚੀਨੀ ਕੀਤੀ। ਚੀਨ ਨੇ ਜ਼ੋਰ ਦੇ ਕੇ ਆਖਿਆ ਕਿ ਪੇਈਚਿੰਗ ਤੇ ਨਵੀਂ ਦਿੱਲੀ ਆਪਣੇ ਵੱਖਰੇਵਿਆਂ ਨੂੰ ਗੱਲਬਾਤ ਜ਼ਰੀਏ ਸੁਲਝਾਉਣ ਦੇ ‘ਸਮਰੱਥ ਤੇ ਇੱਛਾ ਸ਼ਕਤੀ’ ਰੱਖਦੇ ਹਨ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਜ਼ਾਓ ਲਿਜੀਆਨ ਇਥੇ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦੇ ਰਹੇ ਸਨ। ਕਾਬਿਲੇਗੌਰ ਹੈ ਕਿ ਭਾਰਤ ਦੌਰੇ ’ਤੇ ਆਏ ਅਮਰੀਕੀ ਫ਼ੌਜ ਦੀ ਪੈਸੇਫਿਕ ਕਮਾਂਡ ਦੇ ਜਨਰਲ ਚਾਰਲਸ ਏ.ਫਿਨ ਨੇ ਪੂਰਬੀ ਲੱਦਾਖ ਵਿੱਚ ਚੀਨ ਵੱਲੋਂ ਕੀਤੀ ਜਾ ਰਹੀ ਬੁਨਿਆਦੀ ਢਾਂਚੇ ਦੀ ਉਸਾਰੀ ਦੇ ਹਵਾਲੇ ਨਾਲ ਹਾਲਾਤ ਨੂੰ ‘ਚਿੰਤਾਜਨਕ’ ਦੱਸਿਆ ਸੀ। ਜ਼ਾਓ ਨੇ ਕਿਹਾ, ‘‘ਕੁਝ ਅਮਰੀਕੀ ਅਧਿਕਾਰੀ ਅੱਗ ਨੂੰ ਹਵਾ ਦੇਣ ਤੇ ਉਂਗਲਾਂ ਚੁੱਕਣ ਦਾ ਕੰਮ ਕਰ ਰਹੇ ਹਨ। ਇਹ ਘ੍ਰਿਣਾਯੋਗ ਕਾਰਵਾਈ ਹੈ। ਅਸੀਂ ਆਸ ਕਰਦੇ ਹਾਂ ਕਿ ਉਹ ਖੇਤਰੀ ਅਮਨ ਤੇ ਸਥਿਰਤਾ ਲਈ ਵਧੇਰੇ ਯੋਗਦਾਨ ਪਾਉਣਗੇ।’’ ਤਰਜਮਾਨ ਨੇ ਜ਼ੋਰ ਦੇ ਕੇ ਆਖਿਆ ਕਿ ਪੂਰਬੀ ਲੱਦਾਖ, ਜਿੱਥੇ ਪਿਛਲੇ ਦੋ ਸਾਲਾਂ ਤੋਂ ਦੋਵਾਂ ਮੁਲਕਾਂ ਦਰਮਿਆਨ ਫੌਜੀ ਟਕਰਾਅ ਬਣਿਆ ਹੋਇਆ ਸੀ, ਵਿੱਚ ਹਾਲਾਤ ਸਥਿਰ ਹੋਣ ਲੱਗੇ ਹਨ। ਜ਼ਾਓ ਨੇ ਕਿਹਾ, ‘‘ਕੁਲ ਮਿਲਾ ਕੇ ਹਾਲਾਤ ਸਥਿਰ ਹੋ ਰਹੇ ਹਨ ਤੇ ਦੋਵਾਂ ਮੁਲਕਾਂ ਦੀਆਂ ਮੂਹਰਲੀਆਂ ਸਫ਼ਾਂ ਦੀਆਂ ਫੌਜਾਂ ਪੱਛਮੀ ਸੈਕਸ਼ਨ ਸਣੇ ਟਕਰਾਅ ਵਾਲੇ ਬਹੁਤੇ ਖੇਤਰਾਂ ’ਚੋਂ ਪਿੱਛੇ ਹਟ ਗਈਆਂ ਹਨ।









# ਭਾਰਤੀ ਰੇਲਵੇ ਬਰਬਾਦੀ ਵੱਲ ਨੂੰ

ਦਿੱਲੀ:ਕੁਝ ਸਾਲ ਪਹਿਲਾਂ ਦੇਸ਼ ਦੇ ਲੋਕਾਂ ਨੂੰ ਬੁਲੇਟ ਟਰੇਨ ਦਾ ਸੁਫ਼ਨਾ ਦਿਖਾਇਆ ਸੀ।ਜਪਾਨ ਦੇ ਸਹਿਯੋਗ ਨਾਲ ਸ਼ੁਰੂ ਹੋਣ ਵਾਲੀ ਇਸ ਯੋਜਨਾ ਦਾ ਕੀ ਬਣੇਗਾ, ਇਸ ਦਾ ਤਾਂ ਪਤਾ ਨਹੀਂ, ਪਰ ਜੋ ਭਾਰਤੀ ਰੇਲਵੇ ਦਾ ਜੋ ਹਸ਼ਰ ਹੋ ਚੁੱਕਾ ਹੈ, ਇਸ ਦੀ ਹਕੀਕਤ ਜ਼ਰੂਰ ਸਾਹਮਣੇ ਆ ਗਈ ਹੈ।ਪਿਛਲੇ ਇੱਕ ਸਾਲ ਦੌਰਾਨ ਰੇਲਵੇ 9 ਹਜ਼ਾਰ ਮੁਸਾਫਰ ਗੱਡੀਆਂ ਰੱਦ ਕਰਕੇ 35 ਹਜ਼ਾਰ ਕਰੋੜ ਦੇ ਘਾਟੇ ਵਿੱਚ ਆ ਗਈ ਹੈ।ਰੇਲਵੇ ਕੋਲ ਏਨਾ ਪੈਸਾ ਵੀ ਨਹੀਂ ਕਿ ਉਹ 3 ਲੱਖ ਖਾਲੀ ਅਹੁਦਿਆਂ ਨੂੰ ਭਰ ਸਕੇ।ਹਾਲਤ ਇਹ ਹਨ ਕਿ ਰਾਤ ਦੇ ਹਨ੍ਹੇਰੇ ਵਿੱਚ ਮਾਲ ਗੱਡੀਆਂ ਬਿਨਾਂ ਗਾਰਡਾਂ ਤੋਂ ਚਲਾਈਆਂ ਜਾ ਰਹੀਆਂ ਹਨ ।ਸੂਚਨਾ ਦੇ ਅਧਿਕਾਰ ਤਹਿਤ ਮੰਗੀ ਜਾਣਕਾਰੀ ਦੇ ਜਵਾਬ ਵਿੱਚ ਰੇਲਵੇ ਨੇ ਦੱਸਿਆ ਹੈ ਕਿ ਪਿਛਲੇ ਤਿੰਨ ਮਹੀਨਿਆਂ ਦੌਰਾਨ 1900 ਮੁਸਾਫ਼ਰ ਗੱਡੀਆਂ ਨੂੰ ਇਸ ਲਈ ਰੱਦ ਕਰਨਾ ਪਿਆ, ਕਿਉਂਕਿ ਰਾਜਾਂ ਦੇ ਥਰਮਲ ਪਲਾਂਟਾਂ ਲਈ ਕੋਇਲਾ ਢੋਣਾ ਸੀ।ਮੁਸਾਫ਼ਰ ਗੱਡੀਆਂ ਦੀ ਕਿੱਲਤ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 2021-22 ਦੇ ਵਿੱਤੀ ਵਰ੍ਹੇ ਦੌਰਾਨ 1.60 ਕਰੋੜ ਮੁਸਾਫ਼ਰਾਂ ਨੂੰ ਆਪਣੀਆਂ ਟਿਕਟਾਂ ਰੱਦ ਕਰਾਉਣੀਆਂ ਪਈਆਂ, ਕਿਉਂਕਿ ਸੀਟਾਂ ਉਪਲੱਬਧ ਨਹੀਂ ਸਨ ।ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਸਾਲ ਦੇ ਬਜਟ ਵਿੱਚ ਦੱਸਿਆ ਸੀ ਕਿ ਰੇਲਵੇ ਕੋਲ 1560 ਕਰੋੜ ਸਰਪਲੱਸ ਹਨ।ਇਸ ਦੇ ਉਲਟ ਕੈਗ ਦੀ ਰਿਪੋਰਟ ਕਹਿੰਦੀ ਹੈ ਕਿ ਰੇਲਵੇ 35 ਹਜ਼ਾਰ ਕਰੋੜ ਦੇ ਘਾਟੇ ਵਿੱਚ ਹੈ ਤੇ ਘਾਟਾ ਮੁਸਾਫਰ ਗੱਡੀਆਂ ਕਾਰਨ ਹੋਇਆ ਹੈ।


freshpoint

**NOW HIRING**

**HIRING FULL TIME DRIVERS AND WAREHOUSE WORKERS in Vancouver and Richmond!**

**Day and night shifts are available.**

**FreshPoint Vancouver – Fresh Produce Distributor and Processor.**

We offer **comprehensive compensation, benefits (extended health and dental, company pension),** and **career advancement opportunities.**

**Opportunities:**

***Class 3, 5 Ton (with air brakes) and Van Delivery Drivers**
***Food Production Worker** (AM and PM shift)
***Warehouse Shippers/ Receivers** (Day and Night shift)

Visit us at **www.freshpointcanada.com/careers** for all vacancies!

**Interested candidates, please contact us at 604-258-7621**

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

H.M.S. Accounting & Tax Services Ltd.
hmsaccounting@gmail.com



Over 35 Yrs Experience
Expert in Quickbook Training
WCB, PST, GST, Personal & Corporate Taxes & Registration of sole proprietorship and new corporate companies

ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:
Contact us for Resume Making, EI Internet filing, Passport Applications, PR cards and all other type of applications.

ਅਸੀਂ ਪਰਸਨਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ
Personal Tax e-filing for just $25

Call Manvir Singh
604-360-7241
#106-12414-82 Ave Surrey

THANDI AUTO CARE CENTRE LTD
WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉਂ ਕੀਤਾ ਗਿਆ ਅਤੇ ਇਸ ਦਾ ਪ੍ਰਤੀਕਰਮ ਕੀ ਹੋਇਆ?

**ਅਵਤਾਰ ਸਿੰਘ ਮਿਸ਼ਨਰੀ (5104325827)**

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ-ਭਗਤਾਂ ਨੇ ਸੱਚ ਦਾ ਪ੍ਰਚਾਰ, ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ, ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ-ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਨੇ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ-ਦਰਬਾਰ ਆਇਆ, ਸਿੱਖ-ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਉਹ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ।

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜ਼ੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ 'ਚ ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ. ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ "ਕੌਮ ਦਾ ਬਾਦਸ਼ਾਹ" ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਨ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ।

ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆਂ ਦੀ ਬਾਣੀ ਦੀ ਸੰਪਾਦਨਾ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਊਤਮ ਹੈ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ


## ਵਰਕਰਾਂ ਦੀ ਲੋੜ

ਸਰੀ ਦੀ ਡਰਾਈਵਾਲ ਕੰਪਨੀ ਨੂੰ ਡਰਾਈਵਾਲ ਬੋਰਡਿੰਗ ਅਤੇ ਸਟੀਲ ਸਟੱਡ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ। ਤਜਰਬੇ ਮੁਤਾਬਕ ਵਧੀਆ ਤਨਖਾਹ ਦਿੱਤੀ ਜਾਵੇਗੀ। ਸਰੀ ਤੋਂ ਰਾਈਡ ਦਾ ਪ੍ਰਬੰਧ ਹੋਵੇਗਾ। ਕੰਮ ਫੁੱਲ ਟਾਈਮ ਅਤੇ ਨਵੇਂ ਵਰਕਰ ਵੀ ਅਪਲਾਈ ਕਰ ਸਕਦੇ ਹਨ।

ਸੰਪਰਕ ਕਰੋ: **Approved LMIA ਵੀ ਉਪਲਬਧ ਹੈ**

**778-865-2763**

H10 jun



## The Builder's Direct


Experienced & Honest

**Bath & Kitchen Fixtures**



Wholesale price to public

**We carry all major brands**



Fireplaces Also Available

Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

**604-593-7755**

12652-82 Ave, Surrey BC



## T&S Transportation

**Hiring Owner Operators & Drivers**



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ, ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

**604-607-0333**

# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984

**(ਭਾਗ 2)**

2 ਜੂਨ ਨੂੰ, ਪੰਜਾਬ ਵਿੱਚੋ ਹੀ ਨਹੀਂ ਬਲਕਿ ਹੋਰ ਵੀ ਦੂਜੀਆਂ ਸਟੇਟਾਂ ਵਿੱਚੋਂ ਜਿੱਥੇ ਵੀ ਇਸ ਕੀਤੇ ਗਏ ਜ਼ੁਲਮੀ ਕਹਿਰ ਵਾਰੇ ਸਿੱਖ ਸੰਗਤਾ ਨੂੰ ਪਤਾ ਲੱਗਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਜਾਲਮ ਸਰਕਾਰ ਵੱਲੋਂ ਹਮਲਾ ਕਰਕੇ ਲਗਾਤਾਰ ਅੱਠ ਘੰਟੇ ਗੋਲੀਆਂ ਚਲਾਕੇ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਹੈ ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਵੀ ਗੋਲੀਆਂ ਮਾਰੀਆਂ ਗਈਆ ਹਨ।

ਇਹ ਸੁਣ ਕੇ ਤਾਂ ਦੂਰੌਂ, ਨੇੜਿਓ ਬਹੁ ਗਿਣਤੀ ਵਿੱਚ ਦਰਸਨ ਕਰਨ ਲਈ ਸ੍ਰੀ ਦਰਬਾਰ ਸਾਹਿਬ ਨੂੰ ਸਿੱਖ ਸੰਗਤਾਂ ਵਹੀਰਾਂ ਘੱਤ ਆਈਆਂ, ਉਸ ਵੇਲੇ ਇਸ ਹਮਲੇ ਦਾ ਸਿੱਖ ਸੰਗਤਾਂ ਵਿੱਚ ਬਹੁਤ ਭਾਰੀ ਗ਼ੁੱਸਾ ਅਤੇ ਰੋਸ ਸੀ,ਅਤੇ ਸਾਰਿਆ ਦੇ ਮਨਾ ਵਿੱਚ ਇਹ ਬਹੁਤ ਤੜਫ ਸੀ ਕੇ ਅਸੀਂ ਜਲਦੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰੀਏ।

2 ਜੂਨ ਵਾਲੇ ਦਿਨ ਹੀ ਸ਼ਹੀਦ ਹੋਏ ਸਿੰਘਾਂ ਦੇ ਸਸਕਾਰ ਕੀਤੇ ਗਏ ਸਨ, ਅਖੰਡ ਕੀਰਤਨੀ ਜਥੇ ਦੇ ਭਾਈ ਮਹਿੰਗਾ ਸਿੰਘ ਜੀ ਬੱਬਰ ਦਾ ਅੰਤਮ ਸਸਕਾਰ ਮੰਜੀ ਸਾਹਿਬ ਦੀਵਾਨ ਹਾਲ ਦੇ ਨੇੜੇ ਕੀਤਾ ਗਿਆ ਅਤੇ ਦਮਦਮੀ ਟਕਸਾਲ ਦੇ ਵਿਦਿਆਰਥੀ ਸ਼ਹੀਦ ਭਾਈ ਰਾਮ ਸਿੰਘ ਜੀ, ਯੂ.ਪੀ. ਵਾਲ਼ਿਆਂ ਸਮੇਤ ਤਿੰਨ ਸਿੰਘਾਂ ਦਾ ਅੰਤਮ ਸਸਕਾਰ ਦਮਦਮੀ ਟਕਸਾਲ ਦੇ ਸਿੰਘਾਂ ਵੱਲੋ ਸ੍ਰੀ ਗੁਰੂ ਰਾਮ ਦਾਸ ਲੰਗਰ ਦੇ ਅਤੇ ਗੁਰੂ ਰਾਮਦਾਸ ਸਰਾਂ ਦੇ ਬਾਹਰ ਲੰਗਰ ਵਾਲੇ ਪਾਸੇ ਖੁਲੀ ਜਗਾ ਤੇ ਕੀਤਾ ਗਿਆ, ਇਨ੍ਹਾਂ ਸਸਕਾਰਾਂ ਵਾਰੇ ਉਸ ਸਮੇਂ ਦੇ ਪੱਤਰਕਾਰ ਸਰਦਾਰ ਹਰਬੀਰ ਸਿੰਘ ਭੰਵਰ ਨੇ ਵੀ ਆਪੁਣੀ ਪੁਸਤਕ ਸ੍ਰੀ ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਬਾਰੇ, ਡਾਇਰੀ ਦੇ ਪੰਨੇ ਵਿੱਚ, ਪੇਜ ਨੰਬਰ 35 ਤੇ ਲਿੱਖਦਿਆਂ ਹੋਇਆਂ ਸਾਰਾ ਵੇਰਵਾ ਦਿੱਤਾ ਹੈ, ਸ਼ਹੀਦ ਹੋਏ ਕੁੱਝ ਸਿੰਘਾਂ ਦੇ ਸਰੀਰ ਪ੍ਰਵਾਰ ਲੈ ਗਏ ਅਤੇ ਜਖਮੀਆਂ ਨੂੰ ਹਸਪਤਾਲ ਵਿੱਚ ਲਿਜਾਇਆ ਗਇਆ। 2 ਜੂਨ ਨੂੰ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲ਼ਿਆਂ ਨੂੰ ਮਿਲਣ ਲਈ ਸਿੱਖ ਸੰਗਤਾਂ ਭਾਰੀ ਗਿਣਤੀ ਵਿੱਚ ਆ ਰਹੀਆਂ



ਸਨ ਅਤੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਨੂੰ ਲੈਕੇ ਕਈ ਪੱਤਰਕਾਰਾਂ ਨੇ ਵੀ ਸੰਤਾ ਨਾਲ ਇੰਟਰਵੀਊਆਂ ਕੀਤੀਆਂ। ਉਸ ਸਮੇ ਪੱਤਰਕਾਰਾਂ ਨੂੰ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਮਹਾਪੁਰਸਾਂ ਨੇ ਜਾਲਮ ਸਰਕਾਰ ਵੱਲੋਂ ਦਰਬਾਰ ਸਾਹਿਬ ਤੇ ਕੀਤੇ ਹਮਲੇ ਵਾਰੇ ਬੀਰ ਰਸ ਦੁਆਰਾ ਬਹੁਤ ਹੀ ਚੜਦੀ ਕਲਾ ਵਿੱਚ ਇਹ ਵਿਚਾਰ ਦਿੱਤੇ ਸਨ, ਜੋ ਅੱਜ ਵੀ ਸਾਨੂੰ ਉਸ ਸਮੇ ਦੇ ਕੀਤੇ ਚੜਦੀ ਕਲਾ ਵਾਲੇ ਸੰਤਾਂ ਦੇ ਬਚਨ ਅੱਜ ਵੀ ਆਡੀਓ ਵੀਡੀਓ ਦੇ ਕਲਿੱਪਾਂ ਰਾਹੀਂ ਸੁਣਨ ਨੂੰ ਮਿਲਦੇ ਹਨ।

ਉਸ ਵੇਲੇ ਸੰਤਾਂ ਨੇ ਕੀ ਕਿਹਾ ? ਸੰਤਾਂ ਵੱਲੋਂ ਕਹੇ ਹੋਏ ਹੂ ਬਹੂ ਬਚਨ:

ਸੰਤ ਕਹਿੰਦੇ ਇਸ ਵੇਲੇ ਸਮੇ ਦੀ ਸਰਕਾਰ ਅਤੇ ਮੁਤਸਵੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਸਿੱਖੀ ਸਰੂਪ ਨੂੰ ਪਸੰਦ ਨਹੀਂ ਕਰਦੀ ਤੇ ਸਿਖਾਂ ਨੂੰ ਖਤਮ ਕਰਨਾ ਚਾਹੁੰਦੀ ਹੈ, ਜਿਹੜੀ ਕਿ ਆਸ ਇਨ੍ਹਾਂ ਦੀ ਪੂਰੀ ਨਹੀਂ ਹੋ ਸਕਦੀ। ਕਿਉਂਕਿ ਸਿੱਖੀ ਸਰੂਪ ਨੂੰ ਖਤਮ ਕਰਨ ਲਈ ਬਹੁਤ ਹਕੂਮਤਾਂ ਹੋ ਗੁਜਰੀਆਂ। ਇਨ੍ਹੇ ਵੀ ਉਸੇ ਤਰਾਂ ਚਲੇ ਜਾਣਾ ਹੈ, ਮੁਗਲ ਰਾਜ ਦੇ ਅਤੇ ਅੰਗਰੇਜ਼ਾਂ ਦੇ ਰਾਜ ਦੇ ਸਾਰੇ ਪਾਪ, ਏਸ ਰਾਜ ਵਾਲ਼ਿਆਂ ਨੇ ਮਾਤ ਪਾ ਦਿੱਤਾ, ਜੋ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ। ਮੇਰੇ ਵੱਲੋਂ ਸਿੱਖਾਂ ਨੂੰ ਪੁਰ-ਜ਼ੋਰ ਅਪੀਲ ਹੈ ਇਹਦਾ ਮੂੰਹ ਤੋੜਵਾਂ ਜਵਾਬ ਦੇਣ, ਕੇਵਲ ਕਮਰਕੱਸਾ ਹੀ ਨਾ ਕਰਨ... ਕਮਰਕੱਸਾ ਕਰਕੇ ਤੁਰਨ, ਸਿੱਖਾਂ ਦੇ ਉੱਪਰ ਏਦੂ ਹੋਰ ਕੋਈ ਵੀ ਗੁਲਾਮੀ ਦੀ ਵੱਡੀ ਨਿਸਾਨੀ ਨਹੀ ਹੋ ਸਕਦੀ ਜਿੱਡਾ ਵੱਡਾ ਹੁਣ ਪਾਪ ਹੋਇਐ। ਇਹ ਵਿਚਾਰ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ 2 ਜੂਨ ਨੂੰ ਪੱਤਰਕਾਰਾਂ ਨੂੰ ਦਿੱਤੇ ਅਤੇ ਬਹੁ ਗਿੱਣਤੀ ਵਿੱਚ ਆ ਰਹੀਆਂ ਸਾਰੀਆਂ ਸਿੱਖ ਸੰਗਤਾਂ ਨੂੰ ਵੀ ਸਰਕਾਰ ਵਲੋ ਇਸ ਕੀਤੇ ਪਾਪੀ ਹਮਲੇ ਦੀ ਪੂਰੀ ਜਾਣਕਾਰੀ ਸੰਤ ਦੇ ਰਹੇ ਸਨ। ਦੂਜੇ ਪਾਸੇ- ਧਾਰਮਿਕ ਅਤੇ ਰਾਜਨੀਤਕ ਜਥੇਬੰਦੀਆਂ ਜਿਵੇਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਅਤੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਦਰਬਾਰ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਨਿੰਦਿਆਂ ਅਤੇ ਨਿਖੇਧੀ ਕੀਤੀ ਜਾ ਰਹੀ ਸੀ।



**-ਚੱਲਦਾ....**

**ਬਾਬਾ ਮੁਖਤਿਆਰ ਸਿੰਘ ਮੁਖੀ (ਵਿਦਿਆਰਥੀ ਦਮਦਮੀ ਟਕਸਾਲ)**

---

ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ-ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥.. ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ..॥ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ॥.. ਵਿਦਿਆ ਵੀਚਾਰੀ ਤਾ ਪਰਉਪਕਾਰੀ॥.. ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਸ਼ਬਦ ਗੁਰੂ ਗ੍ਰੰਥ)

ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ ਪਰ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ, ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਅਤਿਅੰਤ ਲੋੜ ਹੈ।





# TMG LOGISTICS INC.

## Need Owner Operators

*Vancouver to California *California to Alberta Back Vancouver

*Vancouver to East USA Return

NOW HIRING

***Good Paying Loads***



## Need Company Drivers

***Single Driver Pay 52cents/mile***

***Team Drivers 32 cents/mile***

**FOR MORE INFORMATION CALL AT:**

**(604) 598-3680 Fax: 604-596-3681 Cell: 778-838-3680**

***#121-13140-80Ave Surrey, BC V3W 3B2***

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 2 ਜੇਠ ਬਨਾਮ ਜੇਠ ਸੁਦੀ 4

*ਸਰਵਜੀਤ ਸਿੰਘ ਸੈਕਰਾਮੈਂਟੋ

ਅੱਜ ਤੋਂ 416 ਸਾਲ ਪਹਿਲਾ, ਭਾਵੇਂ ਇਹ ਦੋਵੇਂ ਤਾਰੀਖਾਂ ਇਕੋ ਦਿਨ ਭਾਵ ਸ਼ੁਕਰਵਾਰ ਨੂੰ ਹੀ ਆਈਆਂ ਸਨ, ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 2 ਜੇਠ, ਸੂਰਜੀ ਬ੍ਰਿਕਮੀ (ਸੂਰਜੀ ਸਿਧਾਂਤ) ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ, ਜੇਠ ਸੁਦੀ 4, ਚੰਦ ਦੇ ਕੈਲੰਡਰ ਮੁਤਾਬਕ ਹੈ। ਉਸ ਵੇਲੇ ਦੇ ਸਰਕਾਰੀ ਰਿਕਾਰਡ ਵਿੱਚ ਇਹ ਤਾਰੀਖ, 2 ਸ਼ਫਰ 1015 ਹਿਜਰੀ ਦਰਜ ਹੋਵੇਗੀ। ਅੰਗਰੇਜ ਭਗਤ ਲਿਖਾਰੀਆਂ ਵੱਲੋਂ ਇਸੇ ਤਾਰੀਖ ਨੂੰ 30 ਮਈ 1606 ਈ: (ਜੂਲੀਅਨ) ਵੀ ਲਿਖਿਆ ਗਿਆ ਹੈ। ਜੂਲੀਅਨ ਕੈਲੰਡਰ ਕਦੇ ਆਪਣੇ ਖ਼ਿੱਤੇ ਵਿੱਚ ਲਾਗੂ ਹੀ ਨਹੀਂ ਹੋਇਆ ਅਤੇ ਹਿਜਰੀ ਕੈਲੰਡਰ ਮੌਕੇ ਦੀ ਸਰਕਾਰ ਦਾ ਕੈਲੰਡਰ ਸੀ, ਇਸ ਲਈ ਆਪਾਂ ਇਨ੍ਹਾਂ ਦੋਵਾਂ ਕੈਲੰਡਰਾਂ ਨੂੰ ਇਥੇ ਹੀ ਛੱਡਦੇ ਹੋਏ ਬਿਕ੍ਰਮੀ ਕੈਲੰਡਰ ਦੀਆਂ ਦੋਵੇਂ ਤਾਰੀਖਾਂ ਨੂੰ ਹੀ ਆਪਣੀ ਵਿਚਾਰ ਚਰਚਾ ਦਾ ਕੇਂਦਰ ਬਿੰਦੂ ਬਣਾਵਾਂਗੇ। ਇਨ੍ਹਾਂ ਦੋਵਾਂ ਤਾਰੀਖਾਂ 'ਚ ਇਕ ਤਾਰੀਖ ਦੀ ਚੋਣ ਕਰਨੀ, ਅੱਜ ਸਾਡੇ ਲਈ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਇਸ ਸਾਲ (2079 ਬਿ:) ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 21 ਜੇਠ (3 ਜੂਨ) ਦਿਨ ਸ਼ੁਕਰਵਾਰ ਦਾ ਦਰਜ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਤਾਰੀਖ ਤਾਂ ਉੱਪਰ ਦੱਸੀਆਂ ਤਾਰੀਖਾਂ ਵਿਚੋਂ ਕਿਸੇ ਨਾਲ ਵੀ ਮੇਲ ਨਹੀਂ ਖਾਂਦੀ, ਫੇਰ ਇਹ ਤਾਰੀਖ ਕਿਥੋ ਆਈ? ਪਿਛਲੇ ਸਾਲ (2078 ਬਿ:) ਦੇ ਕੈਲੰਡਰ ਵਿਚ ਇਹ ਦਿਹਾੜਾ 32 ਜੇਠ ਦਾ ਦਰਜ ਸੀ। ਪਰ ਕੈਲੰਡਰ ਦਾ ਆਰੰਭ ਹਰ ਸਾਲ 1 ਚੇਤ ਤੋਂ ਹੀ ਹੁੰਦਾ ਹੈ ਅਤੇ ਹਰ ਸਾਲ ਵੈਸਾਖੀ ਵੀ ਇੱਕ ਵੈਸਾਖ ਦੀ ਦਰਜ ਹੈ। ਅਸਲ ਗੱਲ ਇਹ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ, 365.2563 ਦਿਨ) ਛਾਪਦੀ ਹੈ। ਕੁਝ ਦਿਹਾੜੇ ਤਾਂ ਪ੍ਰਵਿਸ਼ਟਿਆਂ ਮੁਤਾਬਕ ਹੀ ਨਿਰਧਾਰਤ ਕਰਦੀ ਹੈ ਜੋ ਹਰ ਸਾਲ ਮੁੜ ਉਸੇ ਪ੍ਰਵਿਸ਼ਟੇ ਨੂੰ ਆਉਂਦੇ ਹਨ, ਜਿਵੇ ਵੈਸਾਖੀ ਹਰ ਸਾਲ ਇਕ ਵੈਸਾਖ ਨੂੰ ਹੀ ਆਉਂਦੀ ਹੈ। ਪਰ ਕੁਝ ਤਾਰੀਖਾਂ ਨੂੰ ਨਿਰਧਾਰਤ ਚੰਦ ਦੇ ਕੈਲੰਡਰ ਮੁਤਾਬਕ ਕੀਤਾ ਜਾਂਦਾ ਹੈ ਅਤੇ ਦਰਜ ਪ੍ਰਵਿਸ਼ਟਿਆ ਵਿਚ ਕੀਤਾ ਜਾਂਦਾ ਹੈ। ਇਸ ਕਾਰਨ ਹਰ ਸਾਲ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਧਰਤੀ ਆਪਣੇ ਧੁਰੇ ਦੁਵਾਲੇ ਘੁੰਮਦੀ ਹੈ ਇਸ ਦਾ ਇਕ ਚੱਕਰ (ਦਿਨ ਅਤੇ ਰਾਤ) 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿਚ ਪੂਰਾ ਹੁੰਦਾ ਹੈ। ਇਸ ਨੂੰ ਮੌਸਮੀ ਸਾਲ ਕਿਹਾ ਜਾਂਦਾ ਹੈ। ਸਾਲ ਦੀ ਇਸੇ ਲੰਬਾਈ ਮੁਤਾਬਕ ਹੀ ਰੁੱਤਾਂ ਬਦਲਦੀਆਂ ਹਨ। ਚੰਦ ਧਰਤੀ ਦੇ ਦਵਾਲੇ ਘੁੰਮਦਾ ਹੈ। ਚੰਦ ਦਾ ਇਕ ਚੱਕਰ 29.53 ਦਿਨਾਂ ਵਿਚ ਪੂਰਾ ਹੁੰਦਾ ਹੈ। ਜਿਸ ਨੂੰ ਇਕ ਮਹੀਨਾ ਕਹਿੰਦੇ ਹਨ। ਚੰਦ ਦੇ ਸਾਲ ਵਿੱਚ ਵੀ ਉਹੀ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਚੰਦ ਦੇ ਸਾਲ ਵਿੱਚ 354.37 ਦਿਨ ਹੁੰਦੇ ਹਨ। ਭਾਵ ਚੰਦ ਦਾ ਇਕ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਹੁਣ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿੱਚ 11 ਦਿਨ, ਦੋ ਸਾਲ ਵਿੱਚ 22 ਦਿਨ ਪਿਛੇ ਰਹਿ ਜਾਂਦਾ ਹੈ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। 2081 ਬਿ: ਵਿੱਚ ਚੰਦ ਦੇ ਸਾਲ ਦੇ 13 ਮਹੀਨੇ ਹੋਣਗੇ। (19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ) ਇਸ ਸਾਲ ਵਿਚ ਸਾਵਣ ਦੇ ਦੋ ਮਹੀਨੇ ਹੋਣਗੇ ਅਤੇ ਸਾਲ ਦੇ ਦਿਨ 384-85 ਹੋਣਗੇ। ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਕਿਹਾ ਜਾਂਦਾ ਹੈ, ਹਿੰਦੂ ਮੱਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ। ਇਸ ਕਾਰਨ ਜਿਹੜਾ ਦਿਹਾੜਾ ਪਿਛਲੇ ਸਾਲ ਤੋਂ 11 ਦਿਨ ਪਹਿਲਾਂ ਆਉਣਾ ਚਾਹੀਂਦਾ ਸੀ, 13ਵੇਂ ਮਹੀਨੇ ਤੋਂ ਪਿਛੋਂ ਆਉਣ ਵਾਲੇ ਦਿਹਾੜੇ, ਪਿਛਲੇ ਸਾਲ ਤੋਂ 18-19 ਦਿਨ ਪੱਛੜ ਕੇ ਆਵੇਗਾ। ਇਹ ਹੈ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦਾ ਕਮਾਲ। ਹੁਣ ਸਵਾਲ ਪੈਦਾ ਹੁੰਦਾ ਹੈ ਕਿ, ਜੇ ਚੰਦ ਦੇ ਕੈਲੰਡਰ ਨੂੰ ਵੀ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਹੀ ਕਰਨਾ ਪੈਣਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਅਪਣਾ ਲਿਆ ਜਾਵੇ? ਜੇ ਅਸੀਂ ਇਹ ਦਿਹਾੜਾ ਜੇਠ ਸੁਦੀ 4 ਦੀ ਬਿਜਾਏ ਹਰ ਸਾਲ 2 ਹਾੜ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀ ਵਦੀ-ਸੁਦੀ ਦੇ ਮੱਕੜਜਾਲ ਵਿੱਚੋਂ ਨਿਕਲ ਸਕਦੇ ਹਾਂ। ਸਾਰੀ ਦੁਨੀਆਂ ਵਿਚ ਇਹ ਦਿਹਾੜਾ 2 ਹਾੜ (16 ਜੂਨ) ਨੂੰ ਮਨਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਨੂੰ ਕਦੇ ਵੀ ਪਾਕਿਸਤਾਨ ਵਿਖੇ ਜਥਾ ਭੇਜਣ ਵਿੱਚ ਸਮੱਸਿਆ ਨਹੀਂ ਆਵੇਗੀ। ਪਿਛਲੇ 12 ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਸਿਰਫ ਦੋ ਸਾਲ ਹੀ ਜਥਾ ਭੇਜ ਸਕੀ ਹੈ। 2010 ਈ: ਵਿੱਚ, ਜਦੋ ਦੋਵੇ ਤਾਰੀਖਾਂ ਇਕੋ ਹੀ ਦਿਨ ਆਈਆਂ ਸਨ ਅਤੇ 2018 ਈ: ਵਿੱਚ ਜਦੋ ਜੇਠ ਸੁਦੀ 4, 17 ਜੂਨ ਨੂੰ ਆਈ ਸੀ ਪਰ ਨਾਨਕਸ਼ਾਹੀ ਕੈਲੰਡਰ ਮੁਤਾਬਕ ਪਾਕਿਸਤਾਨ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋ 2 ਜੇਠ (16 ਜੂਨ) ਨੂੰ ਹੀ ਮਨਾਇਆ ਗਿਆ ਸੀ। ਜੇ 2018 ਈ: ਵਿੱਚ ਸ਼ਹੀਦੀ ਦਿਹਾੜਾਂ ਨਾਨਕਸ਼ਾਹੀ ਕੈਲੰਡਰ ਮੁਤਾਬਕ 2 ਹਾੜ ਨੂੰ ਮਨਾਇਆ ਜਾ ਸਕਦਾ ਹੈ ਤਾਂ ਹਰ ਸਾਲ ਕਿਓ ਨਹੀਂ? ਜੇ ਸ਼੍ਰੋਮਣੀ ਕਮੇਟੀ ਨੇ ਇਸ ਪਾਸੇ ਅਜੇ ਵੀ ਧਿਆਨ ਨਾ ਦਿੱਤਾ ਤਾਂ ਹੁਣ ਇਹ 2086 ਬਿ: (16 ਜੂਨ 2029 ਈ:) ਵਿੱਚ ਹੀ ਜਥਾ ਭੇਜ ਸਕੇਗੀ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਜੁਲਾਈ 2019 ਈ: ਵਿੱਚ ਅੰਤਰ ਰਾਸ਼ਟਰੀ ਨਗਰ ਕੀਰਤਨ ਦੇ ਸਬੰਧ ਵਿੱਚ, ਗਿਆਨੀ ਹਰਪ੍ਰੀਤ ਸਿੰਘ ਜੀ ਇਕ ਜਥਾ ਲੈ ਕੇ ਪਾਕਿਸਤਾਨ ਗਏ ਸਨ। ਉਥੇ ਪਾਕਿਸਤਾਨ ਗੁਰਦਵਾਰਾ ਪ੍ਰਬੰਧਕ ਕਮੇਟੀਂ ਦੇ ਨੁਮਾਇਦਿਆਂ ਨਾਲ ਵਿਚਾਰ-ਵਿਟਾਂਦਰੇ ਦੌਰਾਨ, ਗਿਆਨੀ ਹਰਪ੍ਰੀਤ ਸਿੰਘ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਅਗਲੇ ਸਾਲ ਤੋਂ ਆਪਾਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇਕੱਠੇ ਮਨਾਵਾਂਗੇ। ਪਰ ਤਿੰਨ ਸਾਲ ਬੀਤ ਜਾਣ ਤੇ ਵੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵੱਲੋਂ ਇਸ ਸਮੱਸਿਆ ਦੇ ਹਲ ਲਈ ਕੋਈ ਯਤਨ ਨਹੀਂ ਕੀਤਾ ਗਿਆ। ਕੀ ਗਿਆਨੀ ਹਰਪ੍ਰੀਤ ਸਿੰਘ ਨੇ ਉਥੇ ਪੈਦਾ ਹੋਏ ਅਣਸੁਖਾਵੇ ਹਾਲਤਾਂ ਨੂੰ ਟਾਲਣ ਲਈ ਹੀ, ਸਿਆਸਤਦਾਨਾਂ ਵਾਂਗੂੰ ਝੂਠਾਂ ਵਾਆਦਾ ਕੀਤਾ ਸੀ? ਜੇ ਅਜੇਹਾ ਹੀ ਸੀ ਤਾਂ ਅੱਗੇ ਤੋਂ ਇਨ੍ਹਾਂ ਵੱਲੋਂ ਕੀਤੇ ਗਏ ਵਾਅਦਿਆਂ, ਯਕੀਨਦਹਾਨੀ ਜਾਂ ਲਈ ਗਈ ਸਾਲਸੀ ਜਿੰਮੇਵਾਰੀ ਤੇ ਕੋਈ ਕਿਵੇਂ ਯਕੀਨ ਕਰੇਗਾ?

ਇਥੇ ਇਕ ਨੁਕਤਾ ਹੋਰ ਵੀ ਸਾਝਾਂ ਕਰਨਾ ਜਰੂਰੀ ਹੈ। ਜਿਹੜੇ ਕਹਿੰਦੇ ਹਨ ਕਿ ਜੇਹੜਾ ਕੈਲੰਡਰ ਗੁਰੂ ਸਾਹਿਬ ਨੇ ਬਣਾਇਆ ਅਤੇ ਪ੍ਰਚੱਲਤ ਕੀਤਾ ਸੀ, ਉਹ ਕਿਓ ਛੱਡੀਏ। ਪਹਿਲੀ ਗੱਲ ਤਾਂ ਇਹ ਕਿ ਗੁਰੂ ਜੀ ਨੇ ਕੋਈ ਕੈਲੰਡਰ ਨਹੀ ਬਣਾਇਆ। ਗੁਰੂ ਸਾਹਿਬ ਜੀ ਦੇ ਸਮੇਂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ, ਸਾਲ ਦੀ ਲੰਬਾਈ 365.2587 ਦਿਨ) ਹੀ ਪ੍ਰਚੱਲਤ ਸੀ। ਉਸ ਕੈਲੰਡਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ, 1964 ਈ: ਵਾਲੀ ਸੋਧ ਨੂੰ ਪ੍ਰਵਾਨ ਕਰਕੇ ਛੱਡਿਆ ਜਾ ਚੁੱਕਾ ਹੈ। ਗੁਰੂ ਕਾਲ ਵਾਲੇ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ ਇਸ ਸਾਲ ਜੇਠ ਦੀ ਸੰਗਰਾਂਦ ਐਤਵਾਰ (15 ਮਈ) ਨੂੰ ਸੀ ਜਦੋ ਕਿ ਸ਼੍ਰੋਮਣੀ ਕਮੇਟੀ ਦੇ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਮੁਤਾਬਕ ਜੇਠ ਦੀ ਸੰਗਰਾਂਦ 14 ਮਈ ਨੂੰ ਸੀ। ਇਸ ਸਾਲ ਸਾਵਣ ਅਤੇ ਕੱਤਕ ਦੀ ਸੰਗਰਾਂਦ ਵੀ ਦੋਵਾਂ ਕੈਲੰਡਰਾਂ ਵਿਚ ਇਕ ਦਿਨ ਦੇ ਫ਼ਰਕ ਨਾਲ ਆਉਣਗੀਆਂ। ਹੁਣ



ਦੱਸੋ ਦੋ-ਦੋ ਸੰਗਰਾਂਦਾਂ ਲਈ ਜਿੰਮੇਵਾਰ ਕੌਣ ਹੈ?

ਹੁਣ ਜਦੋਂ ਅਸੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾਂ ਹਰ ਸਾਲ ਜੇਠ ਸੁਦੀ 4 ਦੀ ਬਿਜਾਏ 2 ਹਾੜ ਨੂੰ ਮਨਾਉਦੇ ਹਾਂ ਤਾਂ ਹਰ ਸਾਲ ਇਹ ਦਿਹਾੜਾਂ 2 ਹਾੜ ਨੂੰ ਹੀ ਆਵੇਗਾ ਅਤੇ ਉਸ ਦਿਨ ਜੂਨ ਮਹੀਨੇ ਦੀ 16 ਤਾਰੀਖ ਹੀ ਹੋਵੇਗੀ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਜੇ ਵੈਸਾਖੀ ਹਰ ਸਾਲ ਇੱਕ ਵੈਸਾਖ ਨੂੰ ਮਨਾਈ ਜਾ ਸਕਦੀ ਹੈ, ਵੱਡੇ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 8 ਪੋਹ ਅਤੇ ਛੋਟੇ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾਂ ਹਰ ਸਾਲ 13 ਪੋਹ ਨੂੰ ਮਨਾਇਆ ਜਾ ਸਕਦਾ ਹੈ ਤਾਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾਂ ਹਰ ਸਾਲ 2 ਹਾੜ ਨੂੰ ਕਿਓ ਨਹੀਂ ਮਨਾਇਆ ਜਾ ਸਕਦਾ? ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ ਕਿ, ਕੀ ਸਾਨੂੰ ਮੌਸਮੀ ਕੈਲੰਡਰ ਤੇ ਅਧਾਰਤ ਨਾਨਕਸ਼ਾਹੀ ਕੈਲੰਡਰ, ਜਿਸ ਦੇ ਪ੍ਰਵਿਸ਼ਟੇ ਅਤੇ ਤਾਰੀਖਾਂ ਸਦਾ ਵਾਸਤੇ ਇਕੋ ਹੀ ਰਹਿਣਗੀਆਂ, ਦੀ ਲੋੜ ਹੈ ਜਾਂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ, ਜਿਸ ਦੀਆਂ ਤਾਰੀਖਾਂ ਹਰ ਸਾਲ ਬਦਲ ਜਾਂਦੀਆਂ ਹਨ?





UNIVERSAL TENT RENTAL LTD.

ਸਰੀਰ ਦਾ ਸਾਰਾ ਭਾਰ ਗੋਡਿਆਂ ਅਤੇ ਪੈਰਾਂ ਨੇ ਹੀ ਚੁੱਕਣਾ ਹੁੰਦਾ ਹੈ। ਇਸ ਲਈ ਸਰੀਰ ਦਾ ਆਦਰਸ਼ ਭਾਰ ਗੋਡਿਆਂ ਦੀ ਚੰਗੀ ਸਿਹਤ ਦਾ ਆਧਾਰ ਬਣਦਾ ਹੈ। ਗੋਡਿਆਂ ਦੀਆਂ ਦਰਦਾਂ ਮੌਸਮ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਠੰਢ ਅਤੇ ਸਲ੍ਹਾਬੇ ਦੇ ਮੌਸਮ ਵਿੱਚ ਬੈਰੋਮਿਟਰਕ ਪ੍ਰੈਸ਼ਰ ਘੱਟ ਹੋਣ ਨਾਲ ਇਹ ਦਰਦਾਂ ਵੱਧ ਹੁੰਦੀਆਂ ਹਨ ਅਤੇ ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵੱਧ ਪ੍ਰੈਸ਼ਰ ਕਾਰਣ ਇਹ ਦਰਦਾਂ ਘੱਟ ਹੋ ਜਾਂਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਗੋਡਿਆਂ ਦਾ ਦਰਦ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਂਝ ਤਾਂ ਇਹ ਬਿਮਾਰੀ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ ਪਰ ਆਮ ਤੌਰ 'ਤੇ 40-55 ਦੇ ਉਮਰ ਦੇ ਪੜਾਅ ਵਿੱਚ ਇਸ ਦੀ ਸ਼ੁਰੂਆਤ ਹੁੰਦੀ ਵੇਖੀ ਗਈ ਹੈ। ਇਸ ਦੀ ਜਕੜ ਵਿੱਚ ਆਇਆ ਪੀੜਤ ਵਿਅਕਤੀ ਆਪਣੇ ਆਪ ਨੂੰ ਅਪਾਹਜ ਵਾਂਗ ਮਹਿਸੂਸ ਕਰਨ ਲੱਗਦਾ ਹੈ ਅਤੇ ਇਸ ਤਰ੍ਹਾਂ ਸਰੀਰਕ ਪੱਧਰ ਦੀ ਬਿਮਾਰੀ ਕਾਰਣ ਲੱਛਣਾਂ ਦੀ ਹੋਂਦ ਪੀੜਤ ਵਿਅਕਤੀ ਦੇ ਮਨ ਉੱਤੇ ਵੀ ਭੈੜਾ ਅਸਰ ਕਰਨ ਲੱਗਦੀ ਹੈ। ਪੌੜੀਆਂ ਚੜ੍ਹਨ-ਉੱਤਰਨ ਵਿੱਚ ਮੁਸ਼ਕਲ, ਬਜ਼ਾਰ ਜਾਣ ਵਿੱਚ ਮੁਸ਼ਕਲ, ਤੁਰਨ ਵਿੱਚ ਪਰੇਸ਼ਾਨੀ ਅਤੇ ਥਕਾਵਟ ਦੇ ਅਹਿਸਾਸ ਨੇ ਨਾਲ-ਨਾਲ ਜੀਵਨ ਦੀ ਉੱਤਮਤਾ ਵੀ ਪ੍ਰਭਾਵਿਤ ਹੁੰਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579




ਜਿਨ੍ਹਾਂ ਵਿਅਕਤੀਆਂ ਵਿੱਚ ਇਸ ਰੋਗ ਦਾ ਅਸਰ ਗੰਭੀਰ ਰੂਪ ਧਾਰਨ ਕਰ ਜਾਵੇ ਤਾਂ ਇਹ ਮਰੀਜ਼ ਨੂੰ ਅਪੰਗ ਵੀ ਕਰ ਸਕਦਾ ਹੈ।

**ਬਚਾਅ:**

ਮੋਟਾਪਾ ਗੋਡਿਆਂ ਦੀਆਂ ਦਰਦਾਂ ਦਾ ਸਭ ਤੋਂ ਵਡਾ ਕਾਰਣ ਹੈ। ਇਸ ਲਈ ਮੋਟਾਪੇ ਤੋਂ ਬਚੋ। ਜੇ ਤੁਹਾਡਾ ਭਾਰ ਵਧ ਜਾਵੇ ਤਾਂ ਸਹੀ ਕਸਰਤ ਅਤੇ ਸਹੀ ਭੋਜਨ ਰਾਹੀਂ ਇਸ ਨੂੰ ਠੀਕ ਕਰੋ। ਪੁਰਾਣੀ ਕਹਾਵਤ, "ਉੱਠਿਆ ਨਾ ਜਾਵੇ ਤੇ ਫ਼ਿੱਟੇ ਮੂੰਹ ਗੋਡਿਆਂ ਦਾ", ਵਿੱਚ ਗੋਡਿਆਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ ਪਰ ਅਸਲ ਵਿੱਚ ਕਸੂਰ ਗੋਡਿਆਂ ਦਾ ਨਹੀਂ ਹੁੰਦਾ।

ਲੂਣ ਦੇ ਇਸਤੇਮਾਲ ਉੱਤੇ ਕਾਬੂ ਰੱਖੋ। ਮਿੱਠੇ ਦਾ ਸੇਵਨ ਘਟਾਉਣਾ ਵੀ ਫ਼ਾਇਦੇਮੰਦ ਹੈ। ਐਂਟੀ-ਆਕਸੀਡੈਂਟ ਯੁਕਤ ਕੁਦਰਤੀ ਭੋਜਨ, ਹਰੀਆਂ ਸਬਜ਼ੀਆਂ, ਗਾਜਰਾਂ, ਤਰਾਂ, ਖੀਰਾ, ਗੂੜ੍ਹੇ ਰੰਗਾਂ ਵਾਲੇ ਫਲ, ਜਾਮਣ, ਚੈਰੀ ਆਦਿ, ਭੁੱਜੇ ਦਾਣੇ ਅਤੇ ਛੱਲੀਆਂ, ਸਿਹਤਮੰਦ ਚਰਬੀ ਵਾਲੇ ਭੋਜਨ, ਜਿਵੇਂ ਮੱਛੀ, ਮੂੰਗਫ਼ਲੀ ਅਤੇ ਵੜੇਵਿਆਂ ਦਾ ਤੇਲ ਆਦਿ।

**ਹੋਮਿਓਪੈਥਿਕ ਇਲਾਜ**

ਪ੍ਰਚਲਤ ਇਲਾਜ ਪ੍ਰਣਾਲੀ ਵਾਂਗ ਹੋਮਿਓਪੈਥੀ ਵਿੱਚ ਵੀ ਗੋਡਿਆਂ ਦੀਆਂ ਦਰਦਾਂ ਲਈ ਕਾਰਗਰ ਦਵਾਈਆਂ ਉਪਲਬਧ ਹਨ। ਕੁਝ ਦਵਾਈਆਂ ਜਿਵੇਂ ਬ੍ਰਾਈਓਨਿਆ, ਰੂਟਾ, ਰਸਟੌਕਸ, ਲੀਡਮ-ਪਾਲ, ਲਾਈਕੋਪੋਡੀਅਮ ਆਦਿ ਦਾ ਇਸਤੇਮਾਲ ਲੱਛਣਾਂ ਅਨੁਸਾਰ ਕੀਤਾ ਜਾ ਸਕਦਾ ਹੈ। ਪਰ, ਉਪਰੋਕਤ ਦਿੱਤੀ ਕਿਸੇ ਵੀ ਦਵਾਈ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਨੂੰ ਆਪਣੇ ਆਪ ਹੀ ਲੈ ਲਿਆ ਜਾਵੇ। ਕਿਸੇ ਪ੍ਰੋਫ਼ੈਸ਼ਨਲ ਹੋਮਿਓਪੈਥਿਕ ਡਾਕਟਰ ਦੀ ਮਦਦ ਨਾਲ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਅਜਿਹੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝ ਕੇ ਅਤੇ ਢੁਕਵਾਂ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਦੇ ਹਨ। ਉਹ 1974 ਤੋਂ ਹੋਮਿਓਪੈਥੀ ਦੀ ਐਕਟਿਵ ਪ੍ਰੈਕਟਿਸ ਕਰਦੇ ਆ ਰਹੇ ਹਨ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335




**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 17 ਜੂਨ ਦਿਨ ਸ਼ੁੱਕਰਵਾਰ

*ਸਵੇਰੇ 10 ਵਜੇ ਅਨੰਦ ਕਾਰਜ ਪਰਿਵਾਰ ਸਰਬਜੀਤ ਸਿੰਘ ਥਿੰਦ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਲੰਗਰ ਸੇਵਾ ਦਮਨਪ੍ਰੀਤ ਸਿੰਘ ਸਿੱਧੂ ਅਤੇ ਪਰਿਵਾਰ ਵੱਲੋਂ

*ਆਰੰਭ 4 ਸ਼੍ਰੀ ਅਖੰਡ ਪਾਠ ਸਾਹਿਬ

1. ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ
2. ਸੰਤ ਹਰੀ ਸਿੰਘ ਨੇਕੀ ਵਾਲੇ ਵਾਲਿਆਂ ਦੀ ਯਾਦ ਵਿਚ:ਬਲਜੀਤ ਸਿੰਘ ਅਤੇ ਪਰਿਵਾਰ ਵੱਲੋਂ
3. ਗੁਰਮੇਲ ਸਿੰਘ ਵਿਦੇਸ਼ਾਂ ਅਤੇ ਪਰਿਵਾਰ ਵਲੋਂ
4. ਨਛੱਤਰ ਸਿੰਘ ਨਾਹਲ ਅਤੇ ਪਰਿਵਾਰ ਵੱਲੋਂ

*ਸ਼ਾਮ 4-6 ਵਜੇ ਤੱਕ ਪਾਠ ਸ੍ਰੀ ਸੁਖਮਨੀ ਸਾਹਿਬ ਸਰਦਾਰ ਕਮਲਜੀਤ ਸਿੰਘ ਪਨੇਸਰ ਪਰਿਵਾਰ ਵੱਲੋਂ:ਬੱਚੀ ਬਿਸਮਨ ਕੌਰ ਦੇ ਜਨਮ ਦੀ ਖ਼ੁਸ਼ੀ ਵਿੱਚ

### 18 ਜੂਨ ਦਿਨ ਸ਼ਨਿਚਰਵਾਰ

*ਸਵੇਰੇ 9 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਪਲਵਿੰਦਰ ਸਿੰਘ ਅਤੇ ਪਰਿਵਾਰ ਵੱਲੋਂ

*ਫਿਊਨਰਲ ਸ. ਤਰਸੇਮ ਸਿੰਘ ਜੰਡਾ ਰਿਵਰ ਸਾਈਡ ਵਿਖੇ ਸਵੇਰੇ 10 ਵਜੇ ਹੋਵੇਗਾ,ਗੁਰਦੁਆਰਾ ਸਾਹਿਬ ਵਿਖੇ ਸਵੇਰੇ 11.30 ਵਜੇ ਅੰਤਿਮ ਅਰਦਾਸ ਹੋਵੇਗੀ।

*ਸਵੇਰੇ 10.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਮਨਦੀਪ ਕੌਰ ਅਤੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਤਨਾਮ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 5.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਪਰਨੀਤ ਸਿੰਘ ਸੋਹੀ ਅਤੇ ਪਰਿਵਾਰ ਵੱਲੋਂ

### 19 ਜੂਨ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ ਚਾਰ ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 8 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੰਵਲਪ੍ਰੀਤ ਸਿੰਘ ਭੁੱਲਰ ਪਰਿਵਾਰ ਵੱਲੋਂ

*ਸਵੇਰੇ 8.30 ਵਜੇ ਭੋਗ ਸ੍ਰੀ ਸਹਿਜਪਾਠ ਅਤੇ ਲੰਗਰਾਂ ਦੀ ਸੇਵਾ ਬਲਜੀਤ ਸਿੰਘ ਗਿੱਲ ਦੀ ਯਾਦ ਵਿਚ ਹਰਵਿੰਦਰ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ

*ਸਵੇਰੇ 10.30 ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ ਬਲਜੀਤ ਸਿੰਘ ਪਰਿਵਾਰ ਵੱਲੋਂ

*ਸਵੇਰੇ 11 ਵਜੇ ਸ੍ਰੀ ਸੁਖਮਨੀ ਸਾਹਿਬ ਤੇ ਲੰਗਰਾਂ ਦੀ ਸੇਵਾ ਤਰਨਜੀਤ ਸਿੰਘ ਅਤੇ ਪਰਿਵਾਰ ਵੱਲੋਂ

*ਦੁਪਹਿਰ 12 ਵਜੇ ਸੁਖਮਨੀ ਸਾਹਿਬ ਲੰਗਰਾਂ ਦੀ ਸੇਵਾ ਸੰਤ ਵਰਿਆਮ ਸਿੰਘ ਰਤਵਾੜਾ ਸਾਹਿਬ ਵਾਲਿਆਂ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਹਰਜੀਤ ਸਿੰਘ ਅਤੇ ਪਰਿਵਾਰ ਵੱਲੋਂ

*ਜਗਸੀਰ ਸਿੰਘ ਸਿੱਧੂ ਅਤੇ ਪਰਿਵਾਰ ਵੱਲੋਂ ਸ੍ਰੀ ਸਹਿਜ ਪਾਠ ਦੇ ਭੋਗ

*ਦੁਪਹਿਰ 12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਲੰਗਰ ਦੇ ਕੀਰਤਨ ਸੇਵਾ ਰੁਪਿੰਦਰ ਕੌਰ ਅਤੇ ਪਰਿਵਾਰ ਵੱਲੋਂ

*ਦੁਪਹਿਰ 2 ਵਜੇ ਸੁਖਮਨੀ ਸਾਹਿਬ ਅਤੇ ਲੰਗਰ ਸੇਵਾ ਹਰਪਰਮਦੀਪ ਸਿੰਘ ਅਤੇ ਪਰਿਵਾਰ ਵੱਲੋਂ

*ਬਾਦ ਦੁਪਹਿਰ 2.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸੁਰਿੰਦਰ ਕੌਰ ਸੈਣੀ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰ ਸੇਵਾ ਦਵਿੰਦਰ ਸਿੰਘ ਅਤੇ ਪਰਿਵਾਰ ਵੱਲੋਂ

## ਐਤਵਾਰ ਦਿਨ ਦੇ ਵਿਸ਼ੇਸ਼ ਪ੍ਰੋਗਰਾਮ

**ਐਤਵਾਰ ਸਾਰੇ ਦਿਨ ਦੇ ਦੀਵਾਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਨ**

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ, ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ *ਪੰਜਾਬੀ ਕਲਾਸਾਂ

ਨੋਟ: ਫਰੇਜਰ ਹੈਲਥ ਦੀ ਹਦਾਇਤ ਅਨੁਸਾਰ ਗੁਰਦੁਆਰਾ ਸਾਹਿਬ ਆਉਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ

## ਰਾਗੀ ਜੱਥੇ

ਭਾਈ ਵਿਕਰਮਜੀਤ ਸਿੰਘ ਜੀ ਹਜ਼ੂਰੀ ਰਾਗੀ
(ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)
ਭਾਈ ਬਲਜਿੰਦਰ ਸਿੰਘ ਬੰਬੇ ਵਾਲੇ
ਭਾਈ ਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ

## ਕਥਾਵਾਚਕ

ਭਾਈ ਜਸਪਾਲਵੀਰ ਸਿੰਘ ਜੀ

## ਢਾਡੀ ਜਥਾ

ਗਿਆਨੀ ਸੁਖਨਿਰੰਜਨ ਸਿੰਘ ਸੁਮਨ

# ਹਸਗੁੱਲੇ

ਪੱਪੂ ਇੱਕ ਹੋਟਲ ਵਿੱਚ ਆਪਣੀ ਦੋਸਤ ਲੜਕੀ ਦੇ ਸਾਹਮਣੇ ਰੱਖੀ ਕੋਲਡ ਡ੍ਰਿੰਕ ਪੀ ਕੇ ਬੋਲਿਆ, ''ਕੀ ਗੱਲ ਯਾਰ, ਉਦਾਸ ਕਿਉਂ ਬੈਠੀ ਹੈ?''

ਲੜਕੀ ਬੋਲੀ, ''ਕੀ ਦੱਸਾਂ ਯਾਰ, ਅੱਜ ਦਾ ਦਿਨ ਹੀ ਖ਼ਰਾਬ ਹੈ, ਸਵੇਰੇ ਬੁਆਏਫ੍ਰੈਂਡ ਨਾਲ ਝਗੜਾ ਹੋ ਗਿਆ, ਰੱਸਤੇ ਵਿੱਚ ਕਾਰ ਖ਼ਰਾਬ ਹੋ ਗਈ, ਆਫਿਸ ਪੁੱਜੀ ਤਾਂ ਬੌਸ ਨੇ ਨੌਕਰੀ ਤੋਂ ਕੱਢ ਦਿੱਤਾ, ਸੁਸਾਈਡ ਕਰਨ ਲਈ ਕੋਲਡ ਡ੍ਰਿੰਕ ਵਿੱਚ ਜ਼ਹਿਰ ਮਿਲਾਇਆ ਸੀ, ਉਹ ਵੀ ਤੂੰ ਪੀ ਲਿਆ।''

********

ਪਤਨੀ, ''ਸੁਣੋ ਜੀ! ਇਹ ਰੈਗਿੰਗ ਕੀ ਹੁੰਦੀ ਹੈ?''

ਪਤੀ ,''ਇਹ ਜਿਹੜਾ ਤੂੰ ਹਰ ਮੈਰਿਜ ਐਨੀਵਰਸਿਰੀ, ਕਰਵਾ ਚੌਥ ਤੇ ਜਨਮ ਦਿਨ ਉਤੇ ਜ਼ਬਰਦਸਤੀ ਗਿਫ਼ਟ ਮੰਗਦੀ ਹੈਂ ਨਾ, ਇਸੇ ਨੂੰ ਅੰਗਰੇਜ਼ੀ ਵਿੱਚ ਰੈਗਿੰਗ ਕਹਿੰਦੇ ਹਨ।''

********

ਦਾਦਾ (ਗੁੱਪੂ ਨੂੰ), ''ਬੇਟਾ! ਜ਼ਰਾ ਅੰਦਰੋ ਮੇਰੇ ਦੰਦਾ ਦਾ ਸੈਟ ਲੈ ਕੇ ਆਵੀਂ।''

ਗੱਪੂ, ''ਪਰ ਦਾਦੂ ਹਾਲੇ ਤਾਂ ਰੋਟੀ ਨਹੀਂ ਬਣੀ।''

ਦਾਦਾ, ''ਓਏ! ਰੋਟੀ ਨੂੰ ਮਾਰ ਗੋਲੀ, ਸਾਹਮਣੇ ਵਾਲੀ ਗੁਆਂਢਣ ਨੂੰ ਸਮਾਈਲ ਦੇਣੀ ਹੈ।''

********

ਇੱਕ ਸੱਸ ਨੇ ਆਪਣੇ ਫ਼ੌਜੀ ਜੁਆਈ ਨੂੰ ਚਿੱਠੀ ਲਿਖੀ, ''ਮੇਰੀ ਬੇਟੀ ਨੂੰ ਤੁਸੀਂ ਇੱਥੇ ਇਕੱਲਾ ਛੱਡ ਕੇ ਆਪ ਬਾਰਡਰ ਉਤੇ ਮੌਜ ਕਰ ਰਹੇ ਹੋ, ਸ਼ਰਾਫ਼ਤ ਨਾਲ ਮੇਰੀ ਬੇਟੀ ਕੋਲ ਆ ਜਾਓ, ਕੋਈ ਵੀ ਬਹਾਨਾ ਬਣਾ ਕੇ ਛੁੱਟੀ ਲੈ ਲਵੋ।''ਫ਼ੌਜੀ ਜੁਆਈ ਨੇ ਸੱਸ ਨੂੰ ਹੈਂਡ ਗ੍ਰਨੇਡ ਨਾਲ ਇੱਕ ਚਿੱਠੀ ਭੇਜੀ, ਜਿਸ ਵਿੱਚ ਲਿਖਿਆ ਸੀ, ''ਪਿਆਰ ਮਾਂ! ਜੇਕਰ ਤੁਸੀਂ ਇਸ ਦੀ ਪਿਨ ਖਿੱਚ ਦਿਓ ਤਾਂ ਮੈਨੂੰ 13 ਦਿਨ ਦੀ ਛੁੱਟੀ ਮਿਲ ਜਾਵੇਗੀ।''

********

ਡਰਾਈਵਰ (ਪੱਪੂ ਨੂੰ), ''ਪੂਰਾ ਪੈਟ੍ਰੋਲ ਖ਼ਤਮ ਹੋ ਗਿਆ ਹੈ, ਗੱਡੀ ਅੱਗੇ ਨਹੀਂ ਜਾ ਸਕਦੀ।''

ਪੱਪੂ, ''ਠੀਕ ਹੈ, ਗੱਡੀ ਪਿੱਛੇ ਲਵੋ ਤੇ ਵਾਪਸ ਚੱਲੋ।''

********

ਬੈਂਕ ਵਿੱਚ ਡਕੈਤੀ ਹੋ ਰਹੀ ਸੀ, ਲੁਟੇਰਿਆਂ ਨੇ ਬੈਂਕ ਦੇ ਕੈਸ਼ੀਅਰ ਨੂੰ ਬੰਨ੍ਹ ਦਿੱਤਾ। ਜਦੋਂ ਕੈਸ਼ ਲੈ ਕੇ ਲੁਟੇਰੇ ਜਾਣ ਹੀ ਵਾਲੇ ਸਨ ਕਿ ਕੈਸ਼ੀਅਰ ਨੇ ਤਰਲਾ ਖਾ ਕੇ ਕਿਹਾ, ''ਭਾਈ ਸਾਹਿਬ! ਕ੍ਰਿਪਾ ਕਰਕੇ ਇਹ ਬੈਂਕ ਦਾ ਰਜਿਸਟਰ ਵੀ ਨਾਲ ਲੈਂਦੇ ਜਾਓ, ਮੇਰੇ ਹਿਸਾਬ ਵਿੱਚ ਦੋ ਲੱਖ ਦੀ ਗੜਬੜ ਹੈ।''

********

ਚਿੰਟੂ (ਪੱਪੂ ਨੂੰ), ''ਤੂੰ ਅੱਜ ਤੱਕ ਕਦੀ ਕਿਸੇ ਦੀ ਸ਼ੋਕ ਸਭਾ ਵਿੱਚ ਗਿਆ ਹੈਂ?''

ਪੱਪੂ, ''ਹਾਂ ਯਾਰ! ਇੱਕ ਵਾਰੀ ਗਿਆ ਸੀ, ਪਰ ਬਹੁਤ ਹੀ ਬੇਕਾਰ ਲੋਕ ਸਨ।''

ਚਿੰਟੂ, ''ਕਿਉਂ?''

ਪੱਪੂ, ''ਮੈਂ ਉਥੇ ਤਿੰਨ ਘੰਟੇ ਤੱਕ ਬੈਠਾ ਰਿਹਾ, ਕਿਸੇ ਨੇ ਮੇਰੇ ਨਾਲ ਹੱਸ ਕੇ ਗੱਲ ਤੱਕ ਨਹੀਂ ਕੀਤੀ।''

********

ਲੜਕਾ, ''ਅੱਛਾ ਦੱਸ ਤੈਨੂੰ ਕਿਹੋ ਜਿਹੇ ਸਹੁਰੇ ਚਾਹੀਦੇ ਹਨ?''

ਲੜਕੀ, ''ਕਿਵੇਂ ਦੇ ਵੀ ਹੋਣ, ਬਸ ਉਥੇ ਮੋਬਾਈਲ ਦਾ ਇੰਟਰਨੈਟ ਸਹੀ ਢੰਗ ਨਾਲ ਕੰਮ ਕਰਦਾ ਹੋਵੇ।''

********

ਪਤਨੀ ਬੀਮਾਰ ਪਤੀ ਨੂੰ ਡਾਕਟਰ ਕੋਲ ਲੈ ਗਈ, ਡਾਕਟਰ ਬੋਲਿਆ, ''ਇਨ੍ਹਾਂ ਨੂੰ ਚੰਗਾ ਖਾਣਾ ਦਿਓ, ਹਮੇਸ਼ਾ ਖੁਸ਼ ਰੱਖੋ, ਘਰ ਦੀ ਕੋਈ ਵੀ ਪ੍ਰਾਬਲਮ ਇਨ੍ਹਾਂ ਨਾਲ ਡਿਸਕਸ ਨਾ ਕਰੋ, ਫਾਲਤੂ ਦੀਆਂ ਫਰਮਾਇਸ਼ਾਂ ਕਰਕੇ ਇਨ੍ਹਾਂ ਦੀ ਚਿੰਤਾ ਨਾ ਵਧਾਓ ਤਾਂ ਇਹ ਛੇ ਮਹੀਨਿਆਂ ਵਿੱਚ ਠੀਕ ਹੋ ਜਾਣਗੇ।''

ਰਸਤੇ ਵਿੱਚ ਪਤੀ ਨੇ ਪਤਨੀ ਨੂੰ ਪੁੱਛਿਆ, ''ਕੀ ਕਿਹਾ ਡਾਕਟਰ ਨੇ?''ਪਤਨੀ ਬੋਲੀ, ''ਇੱਕ ਤਰ੍ਹਾਂ ਡਾਕਟਰ ਨੇ ਵੀ ਜੁਆਬ ਹੀ ਦੇ ਦਿੱਤਾ ਹੈ।''

********

ਇਕ ਡਾਕਟਰ ਦੇ ਕਲੀਨਿਕ ਦੇ ਬਾਹਰ ਮਰੀਜ਼ਾਂ ਦੀ ਭੀੜ ਲੱਗੀ ਹੋਈ ਸੀ। ਜਦੋਂ ਵੀ ਕੋਈ ਆਦਮੀ ਅੱਗੇ ਜਾਂਦਾ, ਉਸ ਨੂੰ ਲੋਕ ਫੜ ਕੇ ਪਿੱਛੇ ਖਿੱਚ ਲੈਂਦੇ। ਇਕ ਆਦਮੀ ਨੇ ਕਈ ਵਾਰ ਅੱਗੇ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਵੀ ਲੋਕਾਂ ਨੇ ਪਿੱਛੇ ਖਿੱਚ ਲਿਆ। 5-6 ਵਾਰ ਪਿੱਛੇ ਖਿੱਚੇ ਜਾਣ ਤੋਂ ਬਾਅਦ ਉਹ ਆਦਮੀ ਚੀਕਿਆ; 'ਸਾਲਿਓ! ਲੱਗੇ ਰਹੋ ਲਾਈਨ ਵਿੱਚ, ਮੈਂ ਅੱਜ ਕਲੀਨਿਕ ਹੀ ਨਹੀਂ ਖੋਲ੍ਹਾਂਗਾ।"

********

ਪੰਮਾ ਰੇਲ ਪਟੜੀ 'ਤੇ ਲੇਟ ਕੇ ਆਤਮ ਹੱਤਿਆ ਕਰਨੀ ਚਾਹੁੰਦਾ ਸੀ ਅਤੇ ਆਪਣੇ ਨਾਲ ਥੋੜ੍ਹੀ ਵ੍ਹਿਸਕੀ ਤੇ ਚਿਕਨ ਲੈ ਗਿਆ।

ਕਿਸੇ ਨੇ ਰੋਕਿਆ ਅਤੇ ਪੁੱਛਿਆ, ''ਇਹ ਕੀ ਹੈ, ਇਹ ਸਭ ਲੈ ਕੇ ਕਿਉਂ ਬੈਠਾ ਏਂ?"

ਪੰਮੇ ਨੇ ਜਵਾਬ ਦਿੱਤਾ, ''ਸਾਲੀ ਰੇਲ ਗੱਡੀ ਲੇਟ ਆਉਂਦੀ ਹੈ, ਕਿਤੇ ਭੁੱਖ ਨਾਲ ਨਾ ਮਰ ਜਾਵਾਂ।"

********

ਪ੍ਰਿੰਸੀਪਲ- ਫੋਟੋਗ੍ਰਾਫਰ ਸਾਬ 20 ਰੁਪਏ ਹੀ ਰੇਟ ਚਲਦਾ ਫੋਟੋ ਦਾ, 20 ਰੁਪਏ ਹੀ ਮਿਲਣਗੇ।

ਫੋਟੋਗ੍ਰਾਫਰ- ਠੀਕ ਆ ਜੀ।

ਪ੍ਰਿੰਸੀਪਲ ਅਧਿਆਪਕਾਂ ਨੂੰ- ਵਿਦਿਆਰਥੀਆਂ ਨੂੰ 40 ਰੁਪਏ ਫੋਟੋ ਦੇ ਲਿਆਉਣ ਲਈ ਕਹੋ।

ਅਧਿਆਪਕ ਵਿਦਿਆਰਥੀਆਂ ਨੂੰ- ਬੱਚਿਓ ਕੱਲ੍ਹ ਤਹਾਡਾ ਫੋਟੋਸ਼ੂਟ ਹੈ, 60-60 ਰੁਪਏ ਲੈ ਕਿ ਆਉਣਾ।

ਬੱਚਾ ਸੋਚਦਾ 20 ਰੁਪਏ ਦੀ ਫੋਟੋ ਆ ਤੇ 60 ਕਹਿ ਰਹੇ ਆ। ਇਨ੍ਹਾਂ ਸਟਾਫ ਰੂਮ 'ਚ ਬਹਿ ਕਿ ਸਮੋਸੇ ਖਾਣੇ ਆ, ਆਪਾ ਵੀ ਖਾਵਾਂਗੇ।

ਵਿਦਿਆਰਥੀ ਮਾਂ ਨੂੰ- ਮੰਮੀ 100 ਰੁਪਏ ਮੰਗਵਾਏ ਸਕੂਲ ਵਾਲਿਆਂ ਨੇ ਫੋਟੋ ਲਈ।

ਮਾਂ- ਖਸਮਾ ਨੂੰ ਖਾਣਿਆਂ ਲੁੱਟ ਮਚਾਈ ਏ, ਰੌਲਾ ਪਾਉਦੀ ਮਾਂ ਘਰਵਾਲੇ ਦੇ ਕਮਰੇ 'ਚ ਜਾ ਕੇ ਕਹਿੰਦੀ, ਆ ਦਿਉ ਜੀ 200 ਰੁਪਏ, ਸਕੂਲ ਭੇਜਣੇ* ਕਰ ਲਓ ਦੇਸ਼ ਭਰਿਸ਼ਟਾਚਾਰ ਮੁਕਤ.....!!!!!

********

ਇਕ ਔਰਤ (ਸਬਜ਼ੀ ਵਾਲੇ ਨੂੰ)-ਭਾਈ, ਤੇਰੇ ਬੈਂਗਣ ਤਾਂ ਸਾਰੇ ਕਾਣੇ ਆਂ। ਸਬਜ਼ੀ ਵਾਲਾ-ਤਾਂ ਕੀ ਹੋਇਆ ਬੀਬੀ ਜੀ, ਤੁਸੀਂ ਤਾਂ ਸਬਜ਼ੀ ਹੀ ਬਣਾਉਣੀ ਆਂ, ਤੁਸੀਂ ਕਿਹੜਾ ਇਨ੍ਹਾਂ ਤੋਂ ਅਖ਼ਬਾਰ ਪੜ੍ਹਾਉਣੀ ਆਂ।

*************

ਰਾਕੇਸ਼-ਅੱਜ ਰਾਤ ਤੁਹਾਨੂੰ ਮੇਰੇ ਨਾਲ ਭੋਜਨ ਕਰਨ ਵਿਚ ਕੋਈ ਇਤਰਾਜ਼ ਤਾਂ ਨਹੀਂ? ਮੰਨੀ ਬਿਲਕੁਲ ਨਹੀਂ, ਮੈਨੂੰ ਤਾਂ ਸਗੋਂ ਬਹੁਤ ਖੁਸ਼ੀ ਹੋਵੇਗੀ।

ਰਾਕੇਸ਼-ਤਾਂ ਫਿਰ ਠੀਕ ਆ, ਤੁਸੀਂ ਘਰੇ ਰਹਿਣਾ, ਮੈਂ 8 ਕੁ ਵਜੇ ਰਾਤ ਨੂੰ ਤੁਹਾਡੇ ਘਰ ਖਾਣਾ ਖਾਣ ਆ ਰਿਹਾ ਹਾਂ।

*************

ਅਧਿਆਪਕ (ਗੋਲੂ ਨੂੰ)-ਗਰਮੀਆਂ ਵਿਚ ਫੈਲਣ ਦੀ ਅਤੇ ਸਰਦੀਆਂ ਵਿਚ ਸੁੰਗੜਨ ਦੀ ਕੋਈ ਉਦਾਹਰਨ ਦਿਓ। ਗੋਲੂ-ਜੀ, ਗਰਮੀਆਂ ਵਿਚ ਛੁੱਟੀਆਂ ਫੈਲ ਕੇ ਦੋ ਮਹੀਨੇ ਦੀਆਂ ਹੋ ਜਾਂਦੀਆਂ ਹਨ ਤੇ ਸਰਦੀਆਂ ਵਿਚ ਸੁੰਗੜ ਕੇ 15 ਦਿਨ ਦੀਆਂ ਰਹਿ ਜਾਂਦੀਆਂ ਹਨ।

*************

ਹਨੀ (ਮਨੀ ਨੂੰ), ''ਸਾਈਕਲ ਅਤੇ ਬੱਸ ਵਿੱਚ ਕੀ ਫਰਕ ਹੈ?" ਮਨੀ, ''ਬੱਸ ਦਾ ਸਟੈਂਡ ਕਦੇ ਵੀ ਬੱਸ ਨਾਲ ਨਹੀਂ ਜਾਂਦਾ, ਪਰ ਸਾਈਕਲ ਸਟੈਂਡ ਸਾਈਕਲ ਦੇ ਨਾਲ ਜਾਂਦਾ ਹੈ।"

*************

ਗਾਹਕ (ਦੁਕਾਨਦਾਰ ਨੂੰ), ''ਮੈਨੂੰ ਇਹ ਕੱਪੜਾ ਬਹੁਤ ਪਸੰਦ ਹੈ, ਪਰ ਇਸ ਦਾ ਰੰਗ ਪਸੰਦ ਨਹੀਂ।"

ਦੁਕਾਨਦਾਰ, ''ਚਿੰਤਾ ਨਾ ਕਰੋ, ਇਕ ਧੁਆਈ ਤੋਂ ਬਾਅਦ ਰੰਗ ਆਪਣੇ ਆਪ ਉਡ ਜਾਏਗਾ।"

*************

ਅਧਿਆਪਕਾ ਜਮਾਤ 'ਚ ਸੌਂ ਗਈ ਤਾਂ ਇਕ ਛੋਟਾ ਸ਼ਰਾਰਤੀ ਬੱਚਾ ਉਸ ਨੂੰ ਜਗਾਉਣ ਗਿਆ।

ਬੱਚਾ ਬੋਲਿਆ, ''ਮੈਡਮ, ਤੁਸੀਂ ਜਮਾਤ ਵਿੱਚ ਸੌਂ ਰਹੇ ਹੋ?" ਅਧਿਆਪਕਾ, ''ਨਹੀਂ ਬੇਟਾ, ਮੈਂ ਸੌਂ ਨਹੀਂ ਰਹੀ, ਮੈਂ ਅੱਖਾਂ ਬੰਦ ਕਰਕੇ ਰੱਬ ਨਾਲ ਗੱਲਾਂ ਕਰ ਰਹੀ ਸੀ।"

ਅਗਲੇ ਦਿਨ ਉਹ ਬੱਚਾ ਜਮਾਤ ਵਿੱਚ ਸੌਂ ਗਿਆ ਤਾਂ ਅਧਿਆਪਕਾ ਨੇ ਉਸ ਨੂੰ ਜਗਾਇਆ।

ਅਧਿਆਪਕਾ, ''ਬੇਟਾ, ਜਮਾਤ ਵਿੱਚ ਸੌਂਦੇ ਨਹੀਂ।"

ਬੱਚਾ, ''ਨਹੀਂ ਮੈਡਮ, ਮੈਂ ਸੌਂ ਨਹੀਂ ਰਿਹਾ ਸੀ, ਮੈਂ ਤਾਂ ਰੱਬ ਨਾਲ ਗੱਲਾਂ ਕਰ ਰਿਹਾ ਸੀ।"

ਅਧਿਆਪਕਾ, ''ਚੰਗਾ ਤਾਂ ਕੀ ਕਿਹਾ ਰੱਬ ਨੇ?" ਬੱਚਾ, ''ਰੱਬ ਨੇ ਦੱਸਿਆ ਕਿ ਉਸਦੀ ਕੱਲ੍ਹ ਤੁਹਾਡੇ ਨਾਲ ਕੋਈ ਗੱਲ ਹੀ ਨਹੀਂ ਹੋਈ ਸੀ।"

*************

ਪਤੀ (ਮਰਨ ਵੇਲੇ ਪਤਨੀ ਨੂੰ), ''ਅਲਮਾਰੀ ਵਿੱਚੋਂ ਤੇਰੇ ਸੋਨੇ ਦੇ ਗਹਿਣੇ ਮੈਂ ਹੀ ਚੋਰੀ ਕੀਤੇ ਸਨ।"

ਪਤਨੀ (ਰੋਂਦੀ ਹੋਈ), ''ਕੋਈ ਗੱਲ ਨਹੀਂ ਜੀ।"

ਪਤੀ, ''ਤੇਰੇ ਭਰਾ ਨੇ ਜਿਹੜੇ ਇੱਕ ਲੱਖ ਰੁਪਏ ਤੈਨੂੰ ਦਿੱਤੇ ਸਨ, ਉਹ ਵੀ ਮੈਂ ਗਾਇਬ ਕੀਤੇ ਸਨ।"

ਪਤਨੀ, ''ਕੋਈ ਗੱਲ ਨਹੀਂ ਜੀ, ਮੈਂ ਤੁਹਾਨੂੰ ਮੁਆਫ ਕਰ ਦਿੱਤਾ।"

ਪਤੀ, ''ਤੇਰੀਆਂ ਕੀਮਤੀ ਸਾੜ੍ਹੀਆਂ ਵੀ ਚੋਰੀ ਕਰ ਕੇ ਮੈਂ ਆਪਣੀ ਪ੍ਰੇਮਿਕਾ ਨੂੰ ਦੇ ਦਿੱਤੀਆਂ ਸਨ।"

ਪਤਨੀ, ''ਕੋਈ ਗੱਲ ਨਹੀਂ ਜੀ। ਤੁਹਾਨੂੰ ਜ਼ਹਿਰ ਵੀ ਮੈਂ ਹੀ ਦਿੱਤਾ ਹੈ। ਹਿਸਾਬ ਬਰਾਬਰ।"

*************

ਪੱਪੂ ਐਲ ਕੇ ਜੀ ਵਿੱਚ ਪੜ੍ਹਦਾ ਸੀ। ਇੱਕ ਵਾਰ ਉਹ ਇੱਕ ਹਫਤੇ ਤੱਕ ਲਗਾਤਾਰ ਦੇਰ ਨਾਲ ਸਕੂਲ ਆਉਂਦਾ ਰਿਹਾ। ਇੱਕ ਦਿਨ ਉਸ ਨੂੰ ਰੋਕ ਕੇ ਮੈਡਮ ਨੇ ਪੁੱਛਿਆ, ''ਤੂੰ ਰੋਜ਼ ਸਕੂਲ ਲੇਟ ਕਿਉਂ ਆਉਂਦਾ ਹੈਂ?" ਪੱਪੂ ਨੇ ਨਜ਼ਰਾਂ ਨੀਵੀਆਂ ਕਰ ਕੇ ਕਿਹਾ, ''ਮੈਡਮ! ਤੁਸੀਂ ਮੇਰੀ ਜ਼ਿਆਦਾ ਚਿੰਤਾ ਨਾ ਕਰਿਆ ਕਰੋ, ਸਾਰੇ ਬੱਚੇ ਗਲਤ ਸਮਝਦੇ ਹਨ।"



# ਪੰਜ ਦਰਿਆਵਾਂ ਦੀ ਧਰਤੀ ਗੈਂਗਸਟਰਾਂ ਦੀ ਧਰਤੀ ਬਣ ਰਹੀ ਹੈ

## ਪੰਜਾਬ 'ਚ ਦਰਜਨਾਂ ਗੈਂਗ ਨਿਡਰ ਹੋ ਕੇ ਕੰਮ ਕਰਦੇ ਹਨ:ਮੂਸੇਵਾਲਾ ਦਾ ਕਤਲ ਵਿਦੇਸ਼ੀ ਸਬੰਧ ਰੱਖਣ ਵਾਲੇ ਹਥਿਆਰਬੰਦ ਅਪਰਾਧੀਆਂ ਲਈ ਸੁਰਖੀਆਂ ਬਣ ਗਿਆ ਸੀ:ਆਉਣ ਵਾਲੇ ਦਿਨਾਂ ਵਿਚ ਗੈਂਗਵਾਰ ਵਧੇਗੀ:ਗੰਨ ਕਲਚਰ ਨੂੰ ਵਧਾਵਾ ਦੇਣ ਵਾਲੇ ਗਾਇਕ ਗੈਂਗਸਟਰਾਂ ਨਾਲ ਮਿਲ ਜਾਂਦੇ ਹਨ

**ਰਾਈਜ਼ਿੰਗ ਪੰਜਾਬ ਬਿਊਰੋ**

ਕੀ ਪੰਜ ਦਰਿਆਵਾਂ ਦਾ ਦੇਸ਼ ਗੈਂਗਸਟਰਾਂ ਦਾ ਦੇਸ਼ ਬਣ ਰਿਹਾ ਹੈ? ਪੰਜਾਬੀਆਂ ਨੂੰ ਆਪਣੇ ਨਿਡਰ ਰਵੱਈਏ ਅਤੇ ਮਰਦਾਨਾ ਸ਼ਖਸੀਅਤ ਲਈ ਪੂਰੀ ਦੁਨੀਆ ਵਿੱਚ ਜਾਣਿਆ ਜਾਂਦਾ ਹੈ। ਪਰ ਉਹ ਦਿਆਲੂ ਵੀ ਹਨ ਅਤੇ ਖਾਸ ਤੌਰ ਤੇ ਸਿੱਖ ਕੌਮ ਦਾ ਗਰੀਬਾਂ ਅਤੇ ਬੇਸਹਾਰਾ ਲੋਕਾਂ ਦੀ ਰੱਖਿਆ ਲਈ ਉੱਠ ਖੜੇ ਹੋਣ ਦਾ ਇਤਿਹਾਸ ਰਿਹਾ ਹੈ।ਪਰ ਪਿਛਲੇ ਕੁਝ ਸਮੇਂ ਤੋਂ ਇਸ ਅਮੀਰ ਅਤੇ ਖੁਸ਼ਹਾਲ ਧਰਤੀ ਵਿੱਚ ਇੱਕ ਨਵੀਂ ਕਿਸਮ ਦਾ ਸੱਭਿਆਚਾਰ ਵਿਕਸਤ ਹੋ ਰਿਹਾ ਹੈ: 'ਬੰਦੂਕ ਸੱਭਿਆਚਾਰ'।ਇਸਦੇ ਬਦਲੇ ਵਿੱਚ ਗੈਂਗਸਟਰਾਂ ਦਾ ਜਨਮ ਅਤੇ ਵਿਕਾਸ ਹੋਇਆ ਹੈ,ਜੋ ਕਿਰਾਏ ਦੇ ਕਾਤਲਾਂ ਵਜੋਂ ਕੰਮ ਕਰ ਰਹੇ ਹਨ, ਜਬਰੀ ਵਸੂਲੀ ਦਾ ਸਹਾਰਾ ਲੈਣਾ ਅਤੇ ਵੱਖ-ਵੱਖ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ। ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਨਾਲ ਇਹ ਘਟਨਾ ਸੁਰਖੀਆਂ ਵਿੱਚ ਆ ਗਈ ਹੈ। ਹੁਣ ਅਜਿਹੇ ਸੰਕੇਤ ਮਿਲ ਰਹੇ ਹਨ ਕਿ ਆਉਣ ਵਾਲੇ ਦਿਨਾਂ ਚ ਪੰਜਾਬ ਚ ਗੈਂਗਵਾਰ ਵਧਣ ਵਾਲੀ ਹੈ। ਇਸ ਨਾਲ ਸਰਹੱਦੀ ਸੂਬੇ ਚ ਬੰਦੂਕ ਕਲਚਰ ਨੂੰ ਖਤਮ ਕਰਨ ਲਈ ਪੁਲਸ ਤੇ ਦਬਾਅ ਬਣੇਗਾ। ਪੰਜਾਬ ਵਿੱਚ ਗੈਂਗ ਵਾਰਾਂ ਦੀ ਇੱਕ ਖਾਸ ਗੱਲ ਇਹ ਹੈ ਕਿ ਉਹ ਸੋਸ਼ਲ ਮੀਡੀਆ ਤੇ ਆਪਣੇ "ਕਤਲਾਂ" ਦਾ ਐਲਾਨ ਕਰਦੇ ਹਨ। ਸਮੇਂ-ਸਮੇਂ 'ਤੇ ਉਹ ਜੇਲ੍ਹਾਂ ਦੇ ਅੰਦਰ ਦੀਆਂ ਤਸਵੀਰਾਂ ਵੀ ਸ਼ੇਅਰ ਕਰਦੇ ਹਨ। ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਅਪਰਾਧੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਹਨ, ਜਿਸ ਦੇ ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੇ ਹੋਰ ਗੈਂਗਸਟਰਾਂ ਨਾਲ ਸਬੰਧ ਹਨ।

ਬਿਸ਼ਨੋਈ ਅਤੇ ਉਸਦੇ ਗੈਂਗ ਦੇ ਮੈਂਬਰ ਗੋਲਡੀ ਬਰਾੜ ਦੇ ਸਮਰਥਕਾਂ ਦੁਆਰਾ ਇੱਕ ਫੇਸਬੁੱਕ ਪੋਸਟ ਵਿੱਚ, ਗੈਂਗਸਟਰਾਂ ਨੇ ਦਾਅਵਾ ਕੀਤਾ ਕਿ ਮੂਸੇਵਾਲਾ ਨੂੰ ਇਸ ਲਈ ਮਾਰਿਆ ਗਿਆ ਕਿਉਂਕਿ ਉਸਦਾ ਨਾਮ ਅਕਾਲੀ ਦਲ ਦੇ ਨੌਜਵਾਨ ਆਗੂ ਵਿੱਕੀ ਮੇਦੂਖੇੜਾ ਦੇ ਕਤਲ ਵਿੱਚ ਸਾਹਮਣੇ ਆਇਆ ਸੀ, ਜੋ ਉਨ੍ਹਾਂ ਦੀ ਵਿਦਿਆਰਥੀ ਰਾਜਨੀਤੀ ਚੰਡੀਗੜ੍ਹ ਅਤੇ ਪੰਜਾਬ ਦੇ ਦਿਨਾਂ ਤੋਂ ਉਨ੍ਹਾਂ ਨਾਲ ਜੁੜਿਆ ਹੋਇਆ ਸੀ। ਅਗਸਤ ਵਿੱਚ ਮੇਦੂਕੇਰਾ ਦੀ ਹੱਤਿਆ ਤੋਂ ਬਾਅਦ, ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ ਪੋਸਟਾਂ ਵਿੱਚ ਉਸਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ। ਇਸ ਮਾਮਲੇ ਵਿੱਚ ਮੂਸੇਵਾਲਾ ਦੇ ਮੈਨੇਜਰ ਨੂੰ ਮੁਲਜ਼ਮ ਬਣਾਇਆ ਗਿਆ ਸੀ।

ਬਿਸ਼ਨੋਈ, ਜਿਸ ਨੂੰ ਹਾਲ ਹੀ ਵਿੱਚ ਰਾਜਸਥਾਨ ਤੋਂ ਤਿਹਾੜ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ ਸੀ, ਨੇ ਪਿਛਲੇ ਸਾਲਾਂ ਵਿੱਚ ਤੇਜ਼ੀ ਨਾਲ ਆਪਣਾ ਨੈੱਟਵਰਕ ਫੈਲਾਇਆ ਹੈ। ਪੰਜਾਬ ਦੇ ਅਬੋਹਰ ਦੇ ਕਿਸਾਨ ਪਰਿਵਾਰ ਨਾਲ ਸਬੰਧਤ ਬਿਸ਼ਨੋਈ ਆਪਣੀ ਗ੍ਰੈਜੂਏਸ਼ਨ ਦੀ ਪੜ੍ਹਾਈ ਲਈ ਚੰਡੀਗੜ੍ਹ ਆਇਆ ਸੀ। ਉਹ ਪੰਜਾਬ ਯੂਨੀਵਰਸਿਟੀ (ਸੋਪੂ) ਦੇ ਵਿਦਿਆਰਥੀ ਵਿੰਗ ਦੇ ਕਾਰਕੁਨ ਵਜੋਂ ਕੰਮ ਕਰਦਾ ਸੀ, ਅਤੇ ਉਸ ਵਿਰੁੱਧ ਕੁਝ ਕੇਸ ਦਰਜ ਕੀਤੇ ਗਏ ਸਨ। ਉਸਨੂੰ 2011 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਸਦੀ ਉਮਰ 20 ਸਾਲ ਸੀ ਅਤੇ ਪੁਲਿਸ ਨੂੰ ਉਸਦੀ ਗ੍ਰਿਫਤਾਰੀ ਤੋਂ ਬਾਅਦ ਹੋਰ ਗੈਂਗਸਟਰਾਂ ਨਾਲ ਉਸਦੇ ਸਬੰਧਾਂ ਬਾਰੇ ਪਤਾ ਲੱਗਿਆ।

ਆਪਣੀ ਗ੍ਰਿਫਤਾਰੀ ਤੋਂ ਬਾਅਦ, ਉਸਨੇ ਆਪਣੇ ਅਪਰਾਧਿਕ ਨੈਟਵਰਕ ਨੂੰ ਕਈ ਰਾਜਾਂ ਵਿੱਚ ਫੈਲਾਇਆ ਹੈ, ਅਤੇ ਉਸਦੇ ਗਿਰੋਹ ਵਿੱਚ ਕਈ ਸੌ "ਪੈਦਲ ਸਿਪਾਹੀ" ਦੱਸੇ ਜਾਂਦੇ ਹਨ। ਬਿਸ਼ਨੋਈ ਕਥਿਤ ਤੌਰ 'ਤੇ ਜੇਲ੍ਹ ਤੋਂ ਆਪਣਾ ਗੈਂਗ ਚਲਾ ਰਿਹਾ ਹੈ। ਉਹ ਉਦੋਂ ਸੁਰਖੀਆਂ ਵਿੱਚ ਆਇਆ ਜਦੋਂ ਪੁਲਿਸ ਦੁਆਰਾ ਗ੍ਰਿਫਤਾਰ ਕੀਤੇ ਗਏ ਇੱਕ ਗੈਂਗ ਮੈਂਬਰ ਨੇ ਖੁਲਾਸਾ ਕੀਤਾ ਕਿ ਗੈਂਗਸਟਰ ਨੇ ਉਸਨੂੰ ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਨੂੰ ਮਾਰਨ ਦਾ ਕੰਮ ਸੌਂਪਿਆ ਸੀ, ਕਿਉਂਕਿ ਸਲਮਾਨ ਖਾਨ ਨੇ ਕਥਿਤ ਤੌਰ ਤੇ ਕਾਲੇ ਹਿਰਨ ਨੂੰ ਮਾਰਿਆ ਸੀ। ਬਿਸ਼ਨੋਈ ਕਾਲੇ ਹਿਰਨ ਦਾ ਸਨਮਾਨ ਕਰਦੇ ਹਨ।

ਬਿਸ਼ਨੋਈ ਨਾਲ ਜੁੜੇ ਇੱਕ ਹੋਰ ਗੈਂਗਸਟਰ ਅਤੇ ਕੈਨੇਡਾ ਵਿੱਚ ਰਹਿੰਦੇ ਗੋਲਡੀ ਬਰਾੜ ਨੇ ਗਾਇਕ-ਰਾਜਨੇਤਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਪਿਛਲੇ ਸਾਲ ਹੀ ਪੰਜਾਬ, ਹਰਿਆਣਾ, ਦਿੱਲੀ ਦੀ ਪੁਲਿਸ ਨੇ ਉਸਦੇ ਗਿਰੋਹ ਦੇ ਦਰਜਨਾਂ ਮੈਂਬਰਾਂ ਨੂੰ ਕਤਲ ਅਤੇ ਜਬਰੀ ਵਸੂਲੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਸੀ।

ਅਪ੍ਰੈਲ ਵਿੱਚ ਪੰਜਾਬ ਪੁਲਿਸ ਨੇ ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ ਇੱਕ ਵਿਰੋਧੀ ਗੈਂਗਸਟਰ ਹਰਜੀਤ ਸਿੰਘ ਪੈਂਟਾ ਦੇ ਕਤਲ ਲਈ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਸੀ। ਇਹ ਦੋਵੇਂ ਗੈਂਗ ਆਪਸ ਵਿੱਚ ਲੜਦੇ ਰਹੇ ਹਨ ਅਤੇ ਇੱਕ ਦੂਜੇ ਦੇ ਮੈਂਬਰਾਂ ਨੂੰ ਮਾਰਦੇ ਰਹੇ ਹਨ।ਮੂਸੇਵਾਲਾ ਦੇ ਮਾਮਲੇ ਵਿਚ ਵੀ ਬੰਬੀਹਾ ਗਰੁੱਪ ਨੇ ਬਿਸ਼ਨੋਈ ਗਰੁੱਪ ਤੇ ਦੋਸ਼ ਲਾਏ ਹਨ ਅਤੇ ਇਕ ਹੋਰ ਗੈਂਗਸਟਰ ਨੀਰਜ ਬਵਾਨਾ ਦੇ ਨਾਲ ਕਥਿਤ ਤੌਰ ਤੇ ਕਾਰਵਾਈ ਦੀ ਧਮਕੀ ਦਿੱਤੀ ਹੈ।ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੁਝ ਗੈਂਗਸਟਰ ਸਿਆਸੀ ਸਰਪ੍ਰਸਤੀ ਦਾ ਆਨੰਦ ਮਾਣ ਰਹੇ ਹਨ, ਪੁਲਿਸ ਵੀ ਦੂਜੇ ਪਾਸੇ ਦੇਖ ਰਹੀ ਹੈ।ਬੰਬੀਹਾ ਗੈਂਗ ਬਿਸ਼ਨੋਈ ਗੈਂਗ ਦਾ ਕੱਟੜ ਵਿਰੋਧੀ ਹੈ। ਬੰਬੀਹਾ ਗੈਂਗ ਨਾਲ ਕਰੀਬੀ ਸਬੰਧ ਰੱਖਣ ਵਾਲੇ ਇੱਕ ਹੋਰ ਗਰੋਹ ਨੇ ਵੀ ਫੇਸਬੁੱਕ ਪੋਸਟ ਰਾਹੀਂ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਦਵਿੰਦਰ ਬੰਬੀਹਾ, ਜਿਸਦਾ ਅਸਲੀ ਨਾਮ ਦਵਿੰਦਰ ਸਿੰਘ ਸਿੱਧੂ ਸੀ, ਇੱਕ ਪ੍ਰਸਿੱਧ ਕਬੱਡੀ ਖਿਡਾਰੀ ਸੀ। ਉਹ ਪੜ੍ਹਾਈ ਵਿੱਚ ਚੰਗਾ ਸੀ, ਮੋਗਾ ਜ਼ਿਲ੍ਹੇ ਦੇ ਪਿੰਡ ਬੰਬੀਹਾ ਭਾਈ ਦੇ ਇੱਕ ਕਿਸਾਨ ਪਰਿਵਾਰ ਨਾਲ ਸਬੰਧਤ ਸੀ ਅਤੇ ਸ਼ਾਰਪ ਸ਼ੂਟਰ ਵੀ ਸੀ।

2010 ਵਿੱਚ ਜਦੋਂ ਉਹ ਆਪਣੀ ਬੈਚਲਰ ਆਫ਼ ਆਰਟਸ ਦੀ ਪੜ੍ਹਾਈ ਕਰ ਰਿਹਾ ਸੀ, ਤਾਂ ਉਸਦਾ ਨਾਮ ਇੱਕ ਕਤਲ ਕੇਸ ਵਿੱਚ ਸਾਹਮਣੇ ਆਇਆ ਜੋ ਉਸਦੇ ਪਿੰਡ ਵਿੱਚ ਦੋ ਸਮੂਹਾਂ ਦਰਮਿਆਨ ਹੋਏ ਝਗੜੇ ਦੌਰਾਨ ਵਾਪਰਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਜਿੱਥੇ ਉਹ ਕਈ ਗੈਂਗਸਟਰਾਂ ਦੇ ਸੰਪਰਕ ਵਿੱਚ ਆਇਆ। ਬੰਬੀਹਾ 21 ਸਾਲ ਦੀ ਉਮਰ ਵਿੱਚ ਜੇਲ੍ਹ ਤੋਂ ਫਰਾਰ ਹੋ ਗਯਾ ਅਤੇ ਉਸਨੇ ਆਪਣਾ ਗੈਂਗ ਬਣਾ ਲਿਆ ਸੀ। ਉਹ ਅੱਧਾ ਦਰਜਨ ਕਤਲ ਕੇਸਾਂ ਵਿੱਚ ਨਾਮਜ਼ਦ ਸੀ। ਉਸ ਤੇ ਕਤਲ ਦੀ ਕੋਸ਼ਿਸ਼, ਲੁੱਟ, ਖੋਹ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਹ 2012 ਤੋਂ 2016 ਵਿੱਚ ਆਪਣੀ ਮੌਤ ਤੱਕ ਸੂਬੇ ਦੇ ਸਭ ਤੋਂ ਵੱਧ ਲੋੜੀਂਦੇ ਗੈਂਗਸਟਰਾਂ ਵਿੱਚੋਂ ਇੱਕ ਸੀ। ਉਹ ਆਪਣੀਆਂ ਅਪਰਾਧਿਕ ਗਤੀਵਿਧੀਆਂ ਨੂੰ ਸੋਸ਼ਲ ਮੀਡੀਆ 'ਤੇ ਅਪਡੇਟ ਕਰਦਾ ਰਹਿੰਦਾ ਸੀ ਅਤੇ ਕਈ ਵਾਰ ਪੰਜਾਬ ਪੁਲਿਸ ਨੂੰ ਚੁਣੌਤੀ ਵੀ ਦਿੰਦਾ ਸੀ। ਬੰਬੀਹਾ 9 ਸਤੰਬਰ 2016 ਨੂੰ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਨੇੜੇ ਗਿੱਲ ਕਲਾਂ ਵਿਖੇ 26 ਸਾਲ ਦੀ ਉਮਰ ਵਿੱਚ ਪੰਜਾਬ ਪੁਲਿਸ ਨਾਲ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਸੀ।

ਪੁਲੀਸ ਅਨੁਸਾਰ ਬੰਬੀਹਾ ਦੇ ਅੱਧੀ ਦਰਜਨ ਤੋਂ ਵੱਧ ਸਾਥੀ ਅਤੇ ਦੋਸਤ ਹਨ, ਜਿਨ੍ਹਾਂ ਵਿੱਚੋਂ ਕੁਝ ਵਿਦੇਸ਼ਾਂ ਵਿੱਚ ਅਤੇ ਕੁਝ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜੋ ਹੁਣ ਇਸ ਗਰੋਹ ਨੂੰ ਚਲਾ ਰਹੇ ਹਨ ਅਤੇ ਆਪਣੀਆਂ ਗਤੀਵਿਧੀਆਂ ਨੂੰ ਸੋਸ਼ਲ ਮੀਡੀਆ ਤੇ ਅੱਪਡੇਟ ਕਰ ਰਹੇ ਹਨ। ਨਾਲ ਹੀ ਹਰਿਆਣਾ ਦੇ ਕੌਸ਼ਲ ਚੌਧਰੀ ਗੈਂਗ ਦੇ ਬੰਬੀਹਾ ਗੈਂਗ ਨਾਲ ਡੂੰਘੇ ਸਬੰਧ ਹਨ। ਕਈ ਵਾਰ ਪੰਜਾਬ ਦੇ ਗੈਂਗ ਅਪਰਾਧ ਕਰਨ ਲਈ ਹਰਿਆਣਾ ਸਥਿਤ ਗੈਂਗ ਦਾ ਸਹਾਰਾ ਲੈਂਦੇ ਹਨ।ਬੰਬੀਹਾ ਗਰੋਹ ਨੂੰ ਚਲਾਉਣ ਵਾਲਿਆਂ ਵਿੱਚ ਅਰਮੇਨੀਆ ਦਾ ਰਹਿਣ ਵਾਲਾ ਲੱਕੀ ਗੌਰਵ ਪਟਿਆਲ, ਜੋ ਪਹਿਲਾਂ ਵੀ ਉਥੇ ਜੇਲ੍ਹ ਵਿੱਚ ਸੀ, ਮੋਗਾ ਜ਼ਿਲ੍ਹੇ ਦੇ ਪਿੰਡ ਕੁੱਸਾ ਦਾ ਰਹਿਣ ਵਾਲਾ ਸੁਖਪ੍ਰੀਤ ਸਿੰਘ ਬੁੱਢਾ ਵੀ ਸ਼ਾਮਲ ਹੈ। ਬੁੱਢਾ ਵੀ ਸੰਗਰੂਰ ਜੇਲ੍ਹ ਵਿੱਚ ਬੰਦ ਹੈ। ਹਾਲ ਹੀ ਵਿੱਚ ਜਲੰਧਰ ਵਿੱਚ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆ ਦਾ ਕਤਲ ਵੀ ਬੰਬੀਹਾ ਗੈਂਗ ਵੱਲੋਂ ਕਥਿਤ ਤੌਰ ਤੇ ਕੀਤਾ ਗਿਆ ਸੀ।ਪੁਲਿਸ ਦਾ ਕਹਿਣਾ ਹੈ ਕਿ ਪਿਛਲੇ ਸਾਲ ਜਦੋਂ ਮਿਊਜ਼ਿਕ ਇੰਡਸਟਰੀ ਨਾਲ ਜੁੜੇ ਅਕਾਲੀ ਲੀਡਰ ਵਿੱਕੀ ਮਿੱਡੂਖੇੜਾ ਦਾ ਮੋਹਾਲੀ ਵਿੱਚ ਕਤਲ ਹੋਇਆ ਸੀ ਤਾਂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਦਾ ਨਾਮ ਜਾਂਚ ਵਿੱਚ ਸਾਹਮਣੇ ਆਇਆ ਸੀ। ਬਿਸ਼ਨੋਈ ਗੈਂਗ ਨੇ ਮਿੱਡੂਖੇੜਾ ਦੇ ਕਤਲ ਵਿੱਚ ਮੂਸੇਵਾਲਾ ਦਾ ਹੱਥ ਹੋਣ ਦਾ ਦੋਸ਼ ਲਗਾਇਆ ਸੀ - ਇਹੀ ਕਾਰਨ ਸੀ ਕਿ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੇ ਮੂਸੇਵਾਲਾ ਦੀ ਹੱਤਿਆ ਕੀਤੀ ਸੀ। ਹੁਣ ਬੰਬੀਹਾ ਗੈਂਗ, ਜੋ ਕਿ ਬਿਸ਼ਨੋਈ ਗੈਂਗ ਦਾ ਕੱਟੜ ਵਿਰੋਧੀ ਹੈ, ਅਤੇ ਗੌਂਡਰ ਬ੍ਰਦਰਜ਼ ਗਰੁੱਪ (ਮਾਰੇ ਗਏ ਗੈਂਗਸਟਰ ਵਿੱਕੀ ਗੌਂਡਰ ਦੇ ਸਮਰਥਕ), ਜੋ ਬੰਬੀਹਾ ਗੈਂਗ ਨਾਲ ਨੇੜਿਓਂ ਜੁੜਿਆ ਹੋਇਆ ਹੈ, ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਤਲ ਦੀ ☞







# ਭਾਰਤ ਵਿੱਚ ਰੈਗੂਲਰ ਫੌਜੀ ਭਰਤੀ ਬੰਦ ਕਰਨ ਦੀ ਯੋਜਨਾ ਚਾਰ-ਚਾਰ ਸਾਲ ਲਈ ਠੇਕੇ 'ਤੇ ਅਗਨੀਵੀਰ ਭਰਤੀ ਹੋਣਗੇ

ਨਵੀਂ ਦਿੱਲੀ:ਸੁਰੱਖਿਆ ਬਾਰੇ ਕੇਂਦਰੀ ਮੰਤਰੀ ਮੰਡਲ ਦੀ ਕਮੇਟੀ ਨੇ 'ਅਗਨੀਪਥ' ਨਾਂਅ ਦੀ ਨਵੀਂ ਭਰਤੀ ਯੋਜਨਾ ਨੂੰ ਹਰੀ ਝੰਡੀ ਦਿੱਤੀ ਹੈ।ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਥੇ ਦੱਸਿਆ ਕਿ ਇਸ ਯੋਜਨਾ ਤਹਿਤ ਭਾਰਤੀ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿਚ ਅਗਨੀਵੀਰ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇਗਾ।ਹਾਲਾਂਕਿ ਰੱਖਿਆ ਮੰਤਰੀ ਨੇ ਇਸ ਯੋਜਨਾ ਨੂੰ ਕ੍ਰਾਂਤੀਕਾਰੀ ਪਹਿਲ ਕਰਾਰ ਦਿੰਦਿਆਂ ਕਿਹਾ ਕਿ ਭਾਰਤ ਦੀ ਸੁਰੱਖਿਆ ਲਈ ਅਗਨੀਪਥ ਯੋਜਨਾ ਲਿਆਂਦੀ ਗਈ ਹੈ, ਮਾਹਰਾਂ ਮੁਤਾਬਕ ਇਹ ਯੋਜਨਾ ਤਨਖਾਹ ਤੇ ਪੈਨਸ਼ਨ ਦਾ ਬੱਜਟ ਘੱਟ ਕਰਨ ਲਈ ਚੁੱਕਿਆ ਗਿਆ ਕਦਮ ਹੈ।ਤਿੰਨਾਂ ਸੈਨਾਵਾਂ ਦੇ ਮੁਖੀਆਂ ਦੀ ਮੌਜੂਦਗੀ ਵਿਚ ਰਾਜਨਾਥ ਸਿੰਘ ਨੇ ਦੱਸਿਆ ਕਿ ਪਹਿਲੀ ਭਰਤੀ 90 ਦਿਨਾਂ ਵਿਚ ਹੋਵੇਗੀ।ਅਗਨੀਪਥ ਤਹਿਤ ਹਰ ਸਾਲ ਕਰੀਬ 45 ਹਜ਼ਾਰ ਨੌਜਵਾਨਾਂ ਨੂੰ ਸੈਨਾ ਵਿਚ ਸ਼ਾਮਲ ਕੀਤਾ ਜਾਵੇਗਾ।ਇਹ ਨੌਜਵਾਨ ਸਾਢੇ 17 ਤੋਂ 21 ਸਾਲ ਦੇ ਹੋਣਗੇ । ਇਨ੍ਹਾਂ ਨੂੰ ਚਾਰ ਸਾਲ ਸੇਵਾ ਦਾ ਮੌਕਾ ਮਿਲੇਗਾ।ਇਨ੍ਹਾਂ ਚਾਰ ਸਾਲਾਂ ਵਿਚ 6 ਮਹੀਨੇ ਬੇਸਿਕ ਟਰੇਨਿੰਗ ਦਿੱਤੀ ਜਾਵੇਗੀ।30 ਤੋਂ 40 ਹਜ਼ਾਰ ਤਨਖਾਹ ਤੇ ਹੋਰ ਲਾਭ ਦਿੱਤੇ ਜਾਣਗੇ।ਉਨ੍ਹਾਂ ਨੂੰ ਤਿੰਨਾਂ ਸੈਨਾਵਾਂ ਦੇ ਪੱਕੇ ਸੈਨਿਕਾਂ ਵਾਂਗ ਐਵਾਰਡ, ਮੈਡਲ ਤੇ ਬੀਮਾ ਕਵਰ ਮਿਲਣਗੇ।ਬੀਮਾ ਕਵਰ 44 ਲੱਖ ਰੁਪਏ ਦਾ ਹੋਵੇਗਾ।ਚਾਰ ਸਾਲ ਬਾਅਦ ਸਿਰਫ 25 ਫੀਸਦੀ ਅਗਨੀਵੀਰਾਂ ਨੂੰ ਸਥਾਈ ਕੇਡਰ ਵਿਚ ਭਰਤੀ ਕੀਤਾ ਜਾਵੇਗਾ । ਜਿਹੜੇ ਚਾਰ ਸਾਲ ਦੇ ਬਾਅਦ ਵੀ ਸੈਨਾ ਵਿਚ ਰਹਿਣਾ ਚਾਹੁੰਣਗੇ, ਉਨ੍ਹਾਂ ਨੂੰ ਮੈਰਿਟ ਤੇ ਮੈਡੀਕਲ ਫਿਟਨੈੱਸ ਦੇ ਆਧਾਰ 'ਤੇ ਮੌਕਾ ਮਿਲੇਗਾ । ਜਿਹੜੇ ਸਥਾਈ ਕੇਡਰ ਲਈ ਚੁਣੇ ਜਾਣਗੇ, ਉਨ੍ਹਾਂ ਨੂੰ 15 ਸਾਲ ਸੇਵਾ ਕਰਨੀ ਪਵੇਗੀ । ਸ਼ੁਰੂਆਤੀ ਚਾਰ ਸਾਲ ਠੇਕੇ ਤਹਿਤ ਰਹਿਣਗੇ ਅਤੇ ਇਸ ਦੀ ਪੈਨਸ਼ਨ ਨਹੀਂ ਮਿਲੇਗੀ।ਜਿਹੜੇ 75 ਫੀਸਦੀ ਅਗਨੀਵੀਰ ਸਕੀਮ ਤੋਂ ਬਾਹਰ ਹੋ ਜਾਣਗੇ, ਉਨ੍ਹਾਂ ਨੂੰ ਸੇਵਾ ਨਿਧੀ ਪੈਕੇਜ ਦਿੱਤਾ ਜਾਵੇਗਾ, ਇਹ 11-12 ਲੱਖ ਦਾ ਪੈਕੇਜ ਅੰਸ਼ਕ ਤੌਰ 'ਤੇ ਅਗਨੀਵੀਰਾਂ ਦੇ ਮਾਸਕ ਯੋਗਦਾਨ ਨਾਲ ਫੰਡ ਕੀਤਾ ਜਾਵੇਗਾ ਇਸ ਦੇ ਇਲਾਵਾ ਉਨ੍ਹਾਂ ਨੂੰ ਮਿਲੇ ਸਕਿੱਲ ਸਰਟੀਫਿਕੇਟ ਤੇ ਬੈਂਕ ਲੋਨ ਰਾਹੀਂ ਉਨ੍ਹਾਂ ਨੂੰ ਦੂਜਾ ਕੈਰੀਅਰ ਸ਼ੁਰੂ ਕਰਨ ਵਿਚ ਮਦਦ ਮਿਲੇਗੀ।

---

ਨਿੰਦਾ ਕੀਤੀ ਹੈ ਅਤੇ ਬਦਲਾ ਲੈਣ ਦੀ ਦੀ ਸਹੁੰ ਖਾਧੀ ਹੈ। ਕੈਨੇਡੀਅਨ ਗੈਂਗਸਟਰ ਗੋਲਡੀ ਬਰਾੜ ਨੇ ਦਾਅਵਾ ਕੀਤਾ ਹੈ ਕਿ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਯੂਥ ਅਕਾਲੀ ਆਗੂ ਵਿਕਰਮਜੀਤ ਸਿੰਘ ਉਰਫ ਵਿੱਕੀ ਮਿੱਡੂਖੇੜਾ (33) ਦੇ ਕਤਲ ਦਾ ਬਦਲਾ ਲੈਣ ਲਈ ਕੀਤਾ ਗਿਆ ਸੀ। ਕਿਸੇ ਸਮੇਂ ਅਕਾਲੀ ਦਲ ਦੇ ਉਭਰਦੇ ਆਗੂ ਮਿੱਡੂਖੇੜਾ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਿੱਡੂਖੇੜਾ ਦੇ ਵਸਨੀਕ ਸਨ ਅਤੇ ਮੂਸੇਵਾਲਾ ਵਾਂਗ, ਆਪਣੇ ਪਿੰਡ ਦਾ ਨਾਮ ਆਪਣੇ ਉਪਨਾਮ ਵਜੋਂ ਵਰਤਿਆ, ਉਹ ਆਪਣੀ ਕਾਲਜ ਦੀ ਪੜ੍ਹਾਈ ਕਰਨ ਲਈ ਚੰਡੀਗੜ੍ਹ ਚਲਾ ਗਿਆ। ਉਹ ਮੁਹਾਲੀ ਦੇ ਸੈਕਟਰ 69 ਵਿੱਚ ਆਪਣੇ ਵੱਡੇ ਭਰਾ ਅਜੈ ਪਾਲ ਸਿੰਘ ਨਾਲ ਰਹਿੰਦਾ ਸੀ। ਵਿੱਕੀ ਮਿੱਡੂਖੇੜਾ ਦੀ 7 ਅਗਸਤ 2021 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।ਮਿੱਡੂਖੇੜਾ ਲੰਬੇ ਸਮੇਂ ਤੱਕ ਸੋਪੂ ਦਾ ਮੈਂਬਰ ਸੀ, ਪਰ ਬਾਅਦ ਵਿੱਚ ਸਟੂਡੈਂਟ ਆਰਗੇਨਾਈਜ਼ੇਸ਼ਨ ਆਫ਼ ਇੰਡੀਆ (ਸੋਈ) ਵਿੱਚ ਤਬਦੀਲ ਹੋ ਗਿਆ, ਜਿਸਨੂੰ ਯੂਥ ਅਕਾਲੀ ਦਲ ਦਾ ਸਮਰਥਨ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੁਦ ਉਨ੍ਹਾਂ ਨੂੰ ਸੋਈ ਦਾ ਚੰਡੀਗੜ੍ਹ ਪ੍ਰਧਾਨ ਚੁਣਿਆ ਸੀ।ਗੋਲਡੀ ਬਰਾੜ ਇੱਕ ਕੈਨੇਡੀਅਨ ਗੈਂਗਸਟਰ ਹੈ ਅਤੇ ਭਾਰਤੀ ਅਧਿਕਾਰੀਆਂ ਨੂੰ ਕਈ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਫਰੀਦਪੁਰ ਦੀ ਇੱਕ ਅਦਾਲਤ ਨੇ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ ਪਹਿਲਵਾਨ ਦੇ ਕਤਲ ਦੇ ਦੋਸ਼ ਵਿੱਚ ਬਰਾੜ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਸੀ। ਬਰਾੜ, ਜਿਸਦਾ ਅਸਲੀ ਨਾਮ ਸਤਿੰਦਰ ਸਿੰਘ ਹੈ, ਭਾਰਤ ਵਿੱਚ ਕਈ ਹੋਰ ਅਪਰਾਧਿਕ ਮਾਮਲਿਆਂ ਵਿੱਚ ਅਧਿਕਾਰੀਆਂ ਨੂੰ ਲੋੜੀਂਦਾ ਹੈ। 1 ਮਈ 2022 ਨੂੰ, ਪੰਜਾਬ ਪੁਲਿਸ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਨਜ਼ਦੀਕੀ ਸਾਥੀਆਂ ਨੂੰ ਬਠਿੰਡਾ ਤੋਂ ਗ੍ਰਿਫਤਾਰ ਕੀਤਾ ਸੀ।

ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਵੀਕੇ ਭਾਵਰਾ ਅਨੁਸਾਰ ਮੂਸੇਵਾਲਾ ਦਾ ਕਤਲ ਆਪਸੀ ਦੁਸ਼ਮਣੀ ਦਾ ਨਤੀਜਾ ਜਾਪਦਾ ਹੈ, ਹਾਲਾਂਕਿ ਬਾਅਦ ਚ ਉਸ ਨੇ ਆਪਣਾ ਬਿਆਨ ਵਾਪਸ ਲੈ ਲਿਆ। ਪੰਜਾਬ ਵਿੱਚ ਗਾਇਕ ਜੋ ਅਕਸਰ ਆਪਣੇ ਕੰਮ ਰਾਹੀਂ ਬੰਦੂਕ ਸੱਭਿਆਚਾਰ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਦੇ ਹਨ, ਆਪਣੇ ਆਪ ਨੂੰ ਗੈਂਗਸਟਰਾਂ ਨਾਲ ਮਿਲ ਕੇ ਇੱਕ ਉਤਸ਼ਾਹਜਨਕ ਕੋਸ਼ਿਸ਼ ਵਿੱਚ ਪਾਉਂਦੇ ਹਨ। ਪ੍ਰਸਿੱਧੀ ਹਾਸਲ ਕਰਨ ਲਈ ਗੀਤਾਂ ਵਿੱਚ ਬੰਦੂਕ ਸੱਭਿਆਚਾਰ ਦਾ ਤੇਜ਼ੀ ਨਾਲ ਵਿਕਸਤ ਹੋ ਰਿਹਾ ਰੁਝਾਨ ਚਿੰਤਾਜਨਕ ਹੈ। ਹੱਥੋਂ ਖਿਸਕਣ ਨੂੰ ਕਾਬੂ ਕਰਨ ਲਈ ਕਾਨੂੰਨ ਦੀਆਂ ਧਾਰਾਵਾਂ ਨੂੰ ਲਾਗੂ ਕਰਕੇ ਇਸ ਨੂੰ ਰੱਦ ਕਰਨ ਦੀ ਲੋੜ ਹੈ। ਸਿੱਧੂ ਮੂਸੇਵਾਲਾ ਦੇ ਘਿਨਾਉਣੇ ਕਤਲ ਤੋਂ ਬਾਅਦ, ਕਈ ਪੰਜਾਬੀ ਕਲਾਕਾਰਾਂ ਨੇ ਕੈਮਰੇ ਤੇ ਮੰਨਿਆ ਹੈ ਕਿ ਮਸ਼ਹੂਰ ਗਾਇਕਾਂ ਅਤੇ ਕਲਾਕਾਰਾਂ ਤੋਂ ਪੈਸੇ ਦੀ ਮੰਗ ਕਰਨ ਵਾਲੇ ਗੈਂਗਸਟਰਾਂ ਦੇ ਫੋਨ ਆਉਣਾ ਹੁਣ ਆਮ ਗੱਲ ਹੈ। ਗੈਂਗਸਟਰਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰ ਕਰਨ ਵਾਲਿਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਇਸ ਲਈ ਬਲਦ ਨੂੰ ਇਸਦੇ ਸਿੰਗ ਦੁਆਰਾ ਸੰਜੀਦਗੀ ਨਾਲ ਫੜਨ ਦੀ ਲੋੜ ਹੈ।


So Easy

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










LUCKY'S A to Z DRIVING SCHOOL

Lucky 604-614-5365

Unit 15 - 8388 128 St., Surrey



Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਮਹਾਰਾਸ਼ਟਰ 'ਚ ਪਤੀਆਂ ਨੇ ਕਿਹਾ,'ਸਾਨੂੰ ਸਾਡੀਆਂ ਘਰਵਾਲੀਆਂ ਤੋਂ ਬਚਾਓ'

ਔਰੰਗਾਬਾਦ (ਮਹਾਰਾਸ਼ਟਰ), ਇਥੇ ਮਹਾਰਾਸ਼ਟਰ ਵਿੱਚ ਦਿਲਚਸਪ ਮਾਮਲਾ ਸਾਹਮਣੇ ਆਇਆ। ਆਪਣੀਆਂ ਪਤਨੀਆਂ ਵੱਲੋਂ ਤੰਗ ਪਤੀਆਂ ਦੇ ਸਮੂਹ ਨੇ ਘਰ ਵਿੱਚ ਆਪਣੇ ਨਾਲ ਹੋ ਰਹੇ ਅਨਿਆ ਖ਼ਿਲਾਫ਼ ਪਿੱਪਲ ਦੇ ਚਾਰੇ ਪਾਸੇ 108 ਚੱਕਰ ਕੱਢ ਕੇ ਮੰਨਤ ਮੰਗੀ ਕਿ ਉਨ੍ਹਾਂ ਨੂੰ ਮੁੜ ਅਜਿਹੀ ਜੀਵਨ ਸਾਥਣ ਨਾ ਮਿਲੇ।

ਆਪਣੀਆਂ ਪਤਨੀਆਂ ਤੋਂ ਨਾਖੁਸ਼ ਕੁਝ ਮਰਦਾਂ ਨੇ ਕੁਝ ਸਾਲ ਪਹਿਲਾਂ ਔਰੰਗਾਬਾਦ 'ਚ 'ਪਤਨੀ ਪੀੜਤ' ਆਸ਼ਰਮ ਦੀ ਸਥਾਪਨਾ ਕੀਤੀ ਸੀ ਤਾਂ ਜੋ ਆਪਣੀਆਂ ਸ਼ਿਕਾਇਤਾਂ ਦੀ ਆਵਾਜ਼ ਉਠਾਈ ਜਾ ਸਕੇ। ਆਸ਼ਰਮ ਦੇ ਸੰਸਥਾਪਕ ਭਾਰਤ ਫੁਲਾਰੇ ਨੇ 'ਵਟ ਪੂਰਨਿਮਾ' ਦੇ ਮੌਕੇ ਕਿਹਾ ਕਿ ਔਰਤਾਂ ਕੇਲੇ ਦੇ ਦਰੱਖਤ ਦੀ ਪੂਜਾ ਕਰਦੀਆਂ ਹਨ ਅਤੇ ਖੁਸ਼ਹਾਲ ਵਿਆਹੁਤਾ ਜੀਵਨ ਅਤੇ ਸੱਤ ਜਨਮਾਂ ਤੱਕ ਇਹੀ ਪਤੀ ਮਿਲਣ ਦੀ ਪ੍ਰਾਰਥਨਾ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਇਕ ਦਿਨ ਪਹਿਲਾਂ ਅਸੀਂ ਇੱਥੇ ਪਿੱਪਲ ਦੇ ਦਰੱਖਤ ਦੀ ਪੂਜਾ ਕਰਦੇ ਹੋਏ ਪ੍ਰਾਰਥਨਾ ਕੀਤੀ ਕਿ ਅਜਿਹੀ ਜੀਵਨ ਸਾਥਣ ਦੁਬਾਰਾ ਕਦੇ ਨਾ ਮਿਲੇ।

# ਤਣਾਅ ਵਧਣ ਮਗਰੋਂ ਲੱਦਾਖ 'ਚ ਭਿਕਸ਼ੂ ਮਾਰਚ ਮੁਲਤਵੀ

ਜੰਮੂ:-ਮੁਸਲਿਮ ਬਹੁਗਿਣਤੀ ਵਾਲੇ ਕਾਰਗਿਲ ਵਿੱਚ ਬੋਧ ਮੱਠ ਦਾ ਨੀਂਹ ਪੱਥਰ ਰੱਖਣ ਲਈ ਬੋਧੀ ਭਿਕਸ਼ੂਆਂ ਵੱਲੋਂ 31 ਮਾਰਚ ਤੋਂ ਸ਼ੁਰੂ ਕੀਤੇ ਮਾਰਚ ਨੂੰ ਲੈ ਕੇ ਲੱਦਾਖ 'ਚ ਬਣੇ ਫਿਰਕੂ ਤਣਾਅ ਦਰਮਿਆਨ ਸਰਕਾਰ ਦੇ ਦਖ਼ਲ ਮਗਰੋਂ ਮਾਰਚ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਬੋਧੀ ਭਿਕਸ਼ੂ ਚੋਸਕਯੋਂਗ ਪਾਲਗਾ ਰਿਨਪੋਚੇ ਦੀ ਅਗਵਾਈ ਹੇਠ ਭਾਈਚਾਰੇ ਦੇ ਲੋਕਾਂ ਨੇ 31 ਮਈ ਤੋਂ ਲੇਹ ਤੋਂ ਮਾਰਚ ਸ਼ੁਰੂ ਕੀਤਾ ਸੀ, ਜੋ 14 ਜੂਨ ਨੂੰ ਕਾਰਗਿਲ ਵਿੱਚ ਵਿਵਾਦਿਤ ਜ਼ਮੀਨ 'ਤੇ ਬੋਧੀ ਮੱਠ ਦੇ ਨੀਂਹ ਪੱਥਰ ਨਾਲ ਖ਼ਤਮ ਹੋਣਾ ਸੀ। ਰਿਨਪੋਚੇ ਇਸ ਵੇਲੇ ਕਾਰਗਿਲ ਕਸਬੇ ਤੋਂ 40 ਕਿਲੋਮੀਟਰ ਦੂਰ ਮੁਲਬੇਕ ਵਿੱਚ ਹੈ। ਲੱਦਾਖ ਦੇ ਸੰਸਦ ਮੈਂਬਰ ਸੇਰਿੰਗ ਨਮਗਿਆਲ ਨੇ ਅੱਜ ਰਿਨਪੋਚੇ ਨਾਲ ਮੁਲਾਕਾਤ ਕਰਕੇ ਮਾਰਚ ਰੱਦ ਕਰਨ ਦੀ ਮੰਗ ਕੀਤੀ ਸੀ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਸ ਪੂਰੇ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ।

# ਸੋਕਾ

ਬਹੁਤ ਜਿਆਦਾ ਔੜ ਲਗਣ ਤੇ ਜਦ ਸੋਕਾ ਪੈਂਦਾ ਤਾਂ ਸਿਰ ਉਪਰੋਂ ਲੰਘਦੇ ਬਦਲ ਵੀ ਰੱਬੀ ਨਿਆਮਤ ਜਾਪਦੇ ਪਰ ਜੇ ਕਿਤੇ ਮੀਂਹ ਦੀ ਕਣੀ ਡਿਗ ਜਾਏ ਤਾਂ ਬੰਦਾ ਲੰਮੇ ਸਾਹ ਲੈ ਲੈ ਰੱਬ ਦਾ ਸ਼ੁਕਰ ਕਰਨ ਲਗਦਾ।

ਜਦ ਕੌਮ ਮੇਰੀ ਉਪਰ ਹਰਿਆਲੀ ਸੀ ਸਿਰਾਂ ਦੀਆਂ ਫਸਲਾਂ ਲਹਿ ਲਹਿ ਕਰਦੀਆਂ ਸਨ, ਮੌਹਲੇਧਾਰ ਬਾਰਸ਼ਾਂ ਨੇ ਸਾਵਣ ਕੀਤੇ ਪਏ ਸਨ, ਅਬਦਾਲੀਆਂ ਨਾਦਰਾਂ ਅਤੇ ਜਰਵਾਣਿਆਂ ਦੀਆਂ ਅਗ ਵਰਗੀਆਂ ਧੁਪਾਂ ਵੀ ਜਦ ਇਸ ਉਪਰ ਅਸਰ ਨਾ ਸੀ ਕਰਦੀਆਂ ਤਾਂ ਨਾ ਇਸ ਨੂੰ ਧੂੜਾਂ ਪਟੀ ਫਿਰਦੇ ਪ੍ਰਚਾਰਕਾਂ ਦੀ ਲੋੜ ਸੀ, ਨਾ ਕਿਸੇ ਸਾਧ ਦੇ ਚਿਮਟਿਆਂ ਦੇ ਸ਼ੋਰਾਂ ਦੀ, ਨਾ ਕੰਨ ਪਾੜਵੇਂ ਸਪੀਕਰਾਂ ਦਾ ਰੌਲਾ ਸੀ, ਨਾ ਕੋਈ ਫੂਕਾਂ ਵਾਲਾ ਨਾ ਸਿਰ ਘੁਮਾਓਣ ਵਾਲਾ ਨਾ ਲਾਲਾਂ ਨਾ ਰੋਟਾਂ ਵਾਲਾ ਕੋਈ।

ਇਸ ਹਰਿਆਲੀ ਦੇ ਜੁਗ ਵਿਚ ਕੌਮ ਮੇਰੀ ਨੂੰ ਨਾ ਕਿਸੇ ਗਾਓਂਣ ਵਜਾਓਂਣ ਵਾਲੇ ਵੰਨੀ ਦੇਖਣਾ ਪੈਂਦਾ ਸੀ ਕਿ ਮੇਰੀਆਂ ਨਸਲਾਂ ਇਸ ਵੰਨੀ ਦੇਖ ਪਗਾਂ ਬੰਨਣਗੀਆਂ ਨਾ ਕਿਸੇ ਐਕਟਰ ਦੇ ਬੰਨੀ ਨਕਲੀ ਪੱਗ ਉਪਰ ਮੇਰੇ ਪੁਰਖੇ ਧਿਜਦੇ ਸਨ ਕਿ ਸਾਡਾ ਖੁਭਿਆ ਗੱਡਾ ਇਨ ਕੱਢਣਾ ਹੈ। ਓਹ ਗੁਰਾਂ ਦੇ ਭਰੋਸੇ ਵਿਚ ਜਿਓਂਦੇਂ ਸਨ ਅਤੇ ਹਰਿਆਲੀ ਵਿਚ ਰਹਿੰਦੇ ਸਨ।

ਸੁਚੇ ਅਤੇ ਪਾਕ ਹਥਾਂ ਵਿਚ ਫੜੇ ਹਥਿਆਰ ਓਨਾ ਦੀ ਰੂਹ ਨਾਲ ਇਕ ਮਿਕ ਸਨ ਅਤੇ ਚਲਦੇ ਕੇਵਲ ਦੁਸ਼ਮਣ ਦਾ ਗਾਟਾ ਲਾਹੁਣ ਖਾਤਰ ਸਨ ਕਿਓਂਕਿ ਓਹ ਕਿਸੇ ਗਾਓਂਣ ਵਜਾਓਂਣ ਵਾਲੇ ਦੇ ਨਕਲੀ ਹਥਿਆਰ ਨਾ ਸਨ ਅਤੇ ਨਾ ਉਸ ਪ੍ਰਭਾਵ ਹੇਠ ਚੁਕੇ ਹੋਏ।

ਜਦ ਕੌਮਾ ਵਿਚ ਸੋਕਾ ਪੈਂਦਾ ਤਾਂ ਓਹ ਪਿਆਸੇ ਮਿਰਗ ਤਰਾਂ ਰੇਗਸਤਾਨਾ ਵੰਨੀ ਹੀ ਦੌੜੀ ਚਲੀ ਜਾਂਦੀ ਜਦ ਕਿ ਪਾਣੀ ਦੀ ਬੂੰਦ ਹੁੰਦੀ ਹੀ ਨਹੀ। ਨਕਲੀ ਹਥਿਆਰਾਂ ਦੇ ਗਲੈਮਰ ਸਿਰਜ ਕੇ ਕੌਮ ਮੇਰੀ ਦੇ ਨਿਆਣਿਆਂ ਨੂੰ ਰੇਗਸਤਾਨਾ ਵਿਚ ਭਟਕਾਓਣ ਵਾਲੇ ਕਦੇ ਕੌਮਾ ਦੇ ਨਾਇਕ ਨਹੀ ਹੋਇਆ ਕਰਦੇ ਜਿਵੇਂ ਕਿ ਅਸੀਂ ਆਸ ਕਰੀ ਬੈਠੇ ਹਾਂ ਅਤੇ ਇਸ ਆਸ ਵਿਚੋਂ ਉਪਜੀ ਭਟਕਣਾ ਹੀ ਇਸ ਗਲ ਦੀ ਪੁਖਤਾ ਗਵਾਹੀ ਹੈ ਕਿ ਕੌਮ ਮੇਰੀ ਸੋਕੇ ਦੇ ਦਿਨਾ ਵਿਚੋਂ ਲੰਘ ਰਹੀ ਹੈ। ਨਹੀ?

**-ਗੁਰਦੇਵ ਸਿੰਘ ਸੱਧੇਵਾਲੀਆ**

# ਕਾਂਗਰਸ ਨੇ 'ਅਣਐਲਾਨੇ ਆਪਾਤਕਾਲ' ਦਾ ਦੋਸ਼ ਲਾਇਆ

ਨਵੀਂ ਦਿੱਲੀ-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਈਡੀ ਅੱਗੇ ਪੇਸ਼ੀ 'ਤੇ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਵੱਡੀ ਗਿਣਤੀ ਵਰਕਰਾਂ ਨੇ ਆਪਣੇ ਨੇਤਾ ਦੇ ਸਮਰਥਨ ਵਿੱਚ ਮਾਰਚ ਕੱਢਿਆ, ਜਿਸ ਤੋਂ ਬਾਅਦ ਪੁਲੀਸ ਨੇ ਕਈ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਮੁੱਖ ਵਿਰੋਧੀ ਦਲ ਨੇ ਦੋਸ਼ ਲਾਇਆ ਕਿ ਰਾਹੁਲ ਗਾਂਧੀ ਦੀ ਈਡੀ ਅੱਗੇ ਪੇਸ਼ੀ 'ਤੇ ਪਾਰਟੀ ਦੇ 'ਸਤਿਆਗ੍ਰਹਿ' ਨੂੰ ਰੋਕਣ ਲਈ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਨਵੀਂ ਦਿੱਲੀ ਇਲਾਕੇ ਵਿੱਚ ਅਣਐਲਾਨਿਆ ਆਪਾਤਕਾਲ ਲਗਾ ਦਿੱਤਾ ਹੈ।ਕਾਂਗਰਸ ਦੇ ਮਾਰਚ ਨੂੰ ਦੇਖਦਿਆਂ ਪੁਲੀਸ ਨੇ 24 ਅਕਬਰ ਰੋਡ ਜਾਣ ਵਾਲੇ ਕਈ ਰਸਤਿਆਂ 'ਤੇ ਬੈਰੀਕੇਡ ਲਗਾ ਦਿੱਤੇ ਸੀ ਤੇ ਧਾਰਾ 144 ਲਾਗੂ ਕਰ ਦਿੱਤੀ ਸੀ। ਕਾਂਗਰਸ ਅਨੁਸਾਰ ਪੁਲੀਸ ਨੇ ਅਸ਼ੋਕ ਗਹਿਲੋਤ, ਕੇਸੀ ਵੇਣੂਗੋਪਾਲ, ਰਣਦੀਪ ਸੁਰਜੇਵਾਲਾ, ਸੀਨੀਅਰ ਆਗੂ ਹਰੀਸ਼ ਰਾਵਤ, ਜੈਰਾਮ ਰਮੇਸ਼ ਅਤੇ ਕਈ ਹੋਰ ਆਗੂਆਂ ਨੂੰ ਹਿਰਾਸਤ ਵਿੱਚ ਲਿਆ। ਇਸ ਤੋਂ ਬਾਅਦ ਪ੍ਰਿਅੰਗਾ ਗਾਂਧੀ ਨੇ ਤੁਗਲਕ ਰੋਡ ਥਾਣੇ ਪੁਜ ਕੇ ਹਿਰਾਸਤ ਵਿਚ ਲਏ ਆਗੂਆਂ ਅਤੇ ਵਰਕਰਾਂ ਨਾਲ ਮੁਲਾਕਾਤ ਕੀਤੀ।ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪੁਲੀਸ ਨਾਲ ਹੋਈ ਖਿੱਚਧੂਹ ਕਾਰਨ ਕੇਸੀ ਵੇਣੂਗੋਪਾਲ ਦੀ ਤਬੀਅਤ ਵਿਗੜ ਗਈ ਸੀ ਅਤੇ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋ ਰਹੀ ਸੀ। ਹਾਲਾਂਕਿ ਬਾਅਦ ਵਿੱਚ ਉਨ੍ਹਾਂ ਦੀ ਸਿਹਤ ਵਿਚ ਸੁਧਾਰ ਹੋਇਆ।

# ਮਮਤਾ ਦਾ ਕੇਂਦਰ ਨਾਲ ਪੰਗਾ:ਪੱਛਮੀ ਬੰਗਾਲ 'ਚਬਾਈ ਯੂਨੀਵਰਸਿਟੀਆਂ ਦਾ ਚਾਂਸਲਰ ਰਾਜਪਾਲ ਦੀ ਥਾਂ ਮੁੱਖ ਮੰਤਰੀ ਹੋਵੇਗਾ

ਕਲਕੱਤਾ:-ਪੱਛਮੀ ਬੰਗਾਲ ਵਿਧਾਨ ਸਭਾ ਨੇ ਭਾਜਪਾ ਵਿਧਾਇਕਾਂ ਦੇ ਵਿਰੋਧ ਦਰਮਿਆਨ ਰਾਜਪਾਲ ਜਗਦੀਪ ਧਨਖੜ ਦੀ ਥਾਂ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਸਾਰੀਆਂ ਸਰਕਾਰੀ ਯੂਨੀਵਰਸਿਟੀਆਂ ਦਾ ਚਾਂਸਲਰ ਬਣਾਉਣ ਦਾ ਬਿੱਲ ਪਾਸ ਕਰ ਦਿੱਤਾ।

ਸੂਬਾਈ ਸਿੱਖਿਆ ਮੰਤਰੀ ਭਰਤਿਆ ਬਾਸੂ ਨੇ ਵਿਧਾਨ ਸਭਾ ਵਿੱਚ ਪੱਛਮੀ ਬੰਗਾਲ ਯੂਨੀਵਰਸਿਟੀ ਕਾਨੂੰਨ ਸੋਧ ਬਿਲ 2022 ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਚਾਂਸਲਰ ਬਣਾਏ ਜਾਣ ਵਿੱਚ ਕੁਝ ਵੀ ਗਲਤ ਨਹੀਂ ਹੈ। ਉਨ੍ਹਾਂ ਕਿਹਾ, ''ਜੇ ਪ੍ਰਧਾਨ ਮੰਤਰੀ ਕੇਂਦਰੀ ਯੂਨੀਵਰਸਿਟੀ 'ਵਿਸ਼ਵ ਭਾਰਤੀ' ਦੇ ਚਾਂਸਲਰ ਹੋ ਸਕਦੇ ਹਨ ਤਾਂ ਸੂਬਾਈ ਯੂਨੀਵਰਸਿਟੀਆਂ ਦੇ ਚਾਂਸਲਰ ਮੁੱਖ ਮੰਤਰੀ ਕਿਉਂ ਨਹੀਂ ਹੋ ਸਕਦੇ। ਬਾਸੂ ਨੇ ਕਿਹਾ '' ਰਾਜਪਾਲ ਜੋ ਮੌਜੂਦਾ ਸਮੇਂ ਵਿੱਚ ਚਾਂਸਲਰ ਹਨ ਨੇ ਕਈ ਮੌਕਿਆਂ 'ਤੇ ਪ੍ਰੋਟੋਕਾਲ ਦੀ ਉਲੰਘਣਾ ਕੀਤੀ ਹੈ।'' 294 ਮੈਂਬਰਾਂ ਦੀ ਵਿਧਾਨ ਸਭਾ ਵਿੱਚ ਬਿਲ ਦੇ ਹੱਕ ਵਿੱਚ 182 ਤੇ ਵਿਰੋਧ ਵਿੱਚ 40 ਵੋਟ ਪਏ। ਬਿਲ ਦਾ ਵਿਰੋਧ ਕਰਦਿਆਂ ਭਾਜਪਾ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਨੂੰ ਚਾਂਸਲਰ ਨਿਯੁਕਤ ਕੀਤੇ ਜਾਣ ਨਾਲ ਸੂਬੇ ਦੇ ਉੱਚ ਸਿੱਖਿਆ ਸਿਸਟਮ ਵਿੱਚ ਸਿਆਸੀ ਦਖਲਅੰਦਾਜ਼ੀ ਵਧੇਗੀ।



# ਕਾਵਿ ਕਿਆਰੀ

## ਬੁਰਾ ਜਮਾਨਾ

ਓ ਮਾਨਾ,ਬੁਰਾ ਜਮਾਨਾ,
ਪਿਆਰੇ ਬਚ ਕੇ ਰਹੁ।
ਸਦਾ ਸੱਚ ਦੇ ਸਿਰ ਕ੍ਰਿਪਾਨਾਂ,
ਪਿਆਰੇ ਬਚ ਕੇ ਰਹੁ।
ਆਦਮ-ਖ਼ੋਰ ਸਿਆਸਤ ਸ਼ੀਹਣੀ।
ਡੈਣ ਚੰਦਰੀ ਇਹ ਰਤ ਪੀਣੀ।
ਲਭ ਦੀ ਫਿਰੇ ਬਹਾਨਾ,
ਪਿਆਰੇ ਬਚ ਕੇ ਰਹੁ।
ਬੜਾ ਇਹ ਜਾਲਮ ਕਾਲਾ ਨ੍ਹੇਰਾ।
ਹੋਣ ਨਹੀ ਦਿੰਦਾ ਸੁਰਖ਼ ਸਵੇਰਾ।
ਲੈ ਲੈਂਦਾ ਇਹ ਜਾਨਾ,
ਪਿਆਰੇ ਬਚ ਕੇ ਰਹੁ।
ਜਹਿਰੀ ਬਿਛੂਏ ਹੰਕਾਰ ਕੇ।
ਪੱਥਰਾਂ ਉਤੇ ਡੰਗ ਮਾਰ ਕੇ।
ਕਰ ਦੇ ਭਸਮ ਚਟਾਨਾਂ,
ਪਿਆਰੇ ਬਚ ਕੇ ਰਹੁ।
ਸਾਜ ਦੀਆਂ ਇਹ ਤਾਂ ਤੋੜਨ।
ਗਾਉਣ ਵਾਲੇ ਦੀ ਧੌਣ ਮਰੋੜਨ।
ਨਹੀ ਦਿੰਦੇ ਵਜਣ ਤਰਾਨਾ,
ਪਿਆਰੇ ਬਚ ਕੇ ਰਹੁ।
ਇਹ ਭਲਵਾਨ ਪੁਰਾਣੇਂ ਨਿਆਰੇ।
ਦਾਅ-ਪੇਚ ਇਹ ਜਾਨਣ ਸਾਰੇ।
ਓ ਨਵਿਆਂ ਭਲਵਾਨਾਂ,
ਪਿਆਰੇ ਬਚ ਕੇ ਰਹੁ।
ਉਤੋਂ ਸਜਣ ਠੱਗ ਪਿਆਰੇ।
ਹੇਠਾਂ ਫੜ ਫੜ ਲੋਕੀ ਮਾਰੇ।
ਭਰਿਆ ਪਿਆ ਤਹਿਖ਼ਾਨਾਂ,
ਪਿਆਰੇ ਬਚ ਕੇ ਰਹੁ।
ਇਹ ਜੁਵਾਨੀ ਦੀ ਖੇਤੀ ਕਰਦੇ।
ਵੀਹੀਂ ਵਰ੍ਹੀ ਜੁਵਾਨੀ ਵਢਦੇ।
ਜੋਵਨ ਰੁੱਤ ਜੁਵਾਨਾਂ,
ਪਿਆਰੇ ਬਚ ਕੇ ਰਹੁ।
''ਸਰਾਂ''ਤੋਂ ਸਿਖ ਸੁਚੱਜਾ ਵਲ ਤੂੰ।
ਚਾਰੇ ਪਾਸੇ ਦੇਖ ਕੇ ਚਲ ਤੂੰ।
ਓ ਭਲਿਆ ਇੰਨਸਾਨਾਂ,
ਪਿਆਰੇ ਬਚ ਕੇ ਰਹੁ।
ਓ ਮਾਨਾਂ, ਬੁਰਾ ਜਮਾਨਾਂ,
ਪਿਆਰੇ ਬਚ ਕੇ ਰਹੁ।



**ਬਲਵੰਤ ਸਰਾਂ ਮੱਦੋਕੇ**

## .ਗ਼ਜ਼ਲ

ਚਲ ਫਿਰ ਬਾਲਮ ਚਲ ਫਿਰ ਅਪਣੇ ਰਾਵ੍ਹਾਂ ਨੂੰ ਮੁੜ ਚੱਲੀਏ।
ਅਪਣੇ ਹੱਥੀਂ ਲਾਏ ਰੁੱਖ ਦੀਆਂ ਛਾਵਾਂ ਨੂੰ ਮੁੜ ਚੱਲੀਏ।
ਲਹਿਰਾਂ ਸਾਹਿਲ ਚੱਪੂ ਬੇੜੀ ਮਾਂਝੀ ਚੇਤੇ ਆਉਂਦੇ ਨੇ,
ਪੁੱਠੇ ਵਹਿਣ ਵਗਾ ਕੇ ਫਿਰ ਦਰਿਆਵਾਂ ਨੂੰ ਮੁੜ ਚੱਲੀਏ।
ਰਿਸ਼ਤੇ ਨਾਤੇ ਅਗਰ ਗਵਾਚੇ ਤਾਂ ਫਿਰ ਵਾਪਸ ਆਉਣੇਂ ਨਈਂ,
ਦਿਲ ਕਹਿੰਦਾ ਹੈ ਆਪਣੀਆਂ ਹੀ ਬਾਵ੍ਹਾਂ ਨੂੰ ਮੁੜ ਚੱਲੀਏ।
ਚਲ ਚੁਕ ਯਾਦਾਂ ਵਾਲੀ ਗਠੜੀ ਜਿਸ ਵਿਚ ਹੰਝੂ ਹਾਸੇ ਨੇ,
ਜੰਨਤ ਵਰਗੇ ਬਹੁਤ ਪੁਰਾਣੇਂ ਚਾਵ੍ਹਾਂ ਨੂੰ ਮੁੜ ਚੱਲੀਏ।
ਜਿੱਥੇ ਹਾਸ ਠਿਠੋਲੀ ਸਰਗੋਸ਼ੀ ਅਠਖੇਲੀ ਕਿਲਕਾਰੀ,
ਬਚਪਨ ਠਾਠ ਜਵਾਨੀ ਵਾਲੀਆਂ ਥਾਵਾਂ ਨੂੰ ਮੁੜ ਚੱਲੀਏ।
ਵਿੱਚ ਵਿਦੇਸ਼ਾਂ ਮਾਂ ਬੋਲੀ ਕੀ ਸਭਿਆਚਾਰ ਗਵਾ ਦਿੱਤਾ,
ਹੱਥ ਉਲਾਰੇ ਵਾਜ਼ਾਂ ਮਾਰਨ ਮਾਂਵਾਂ ਨੂੰ ਮੁੜ ਚੱਲੀਏ।
ਮਾਂਝੀ ਜੋ ਵੀ ਕਹਿੰਦਾ ਬਿਲਕੁਲ ਨਾਲ ਤਜ਼ਰਬੇ ਕਹਿੰਦਾ ਹੈ,
ਕਿਸ਼ਤੀ ਸੌਖੀ ਚੱਲੂ ਤੇਜ਼ ਹਵਾਵਾਂ ਨੂੰ ਮੁੜ ਚੱਲੀਏ।
ਦਾਦਾ ਦਾਦੀ ਨਾਨਾ ਨਾਨੀ ਦੀ ਲੋਰੀ ਵਿਚ ਜੰਨਤ ਹੈ,
ਸੂਰਜ ਦੇ ਸਿਰਨਾਵੇਂ ਵਰਗੇ ਨਾਵਾਂ ਨੂੰ ਮੁੜ ਚੱਲੀਏ।
ਔੜਾਂ ਆਪਣੇ ਸੁੱਕੇ ਹੋਏ ਰੁੱਖਾਂ ਨੂੰ ਸਮਝਾਉਂਦੀਆਂ ਨੇ,
ਸਾਉਣ ਮਹੀਨੇ ਚੜੀਆਂ ਘੋਰ ਘਟਾਵਾਂ ਨੂੰ ਮੁੜ ਚੱਲੀਏ।
ਸਮਝਣ ਵਾਲੀ ਗੱਲ ਹੈ ਸਾਰੀ ਸਮਝ ਲੱਈਏ ਤਾਂ ਚੰਗੀ,
ਓਸ ਇਸ਼ਾਰੇ ਕੀਤੇ ਓਸ ਨਿਗਾਵਾਂ ਨੂੰ ਮੁੜ ਚੱਲੀਏ।
ਅਖ਼ਬਾਰਾਂ ਦੀਆਂ ਸੁਰਖ਼ੀਆਂ ਅੰਦਰ ਤਲਖ਼ੀ ਤੇ ਬੇਚੈਨੀ,
ਗ਼ਜ਼ਲ ਕਹਾਣੀ ਕਵਿਤਾ ਗੀਤ ਕਥਾਵਾਂ ਨੂੰ ਮੁੜ ਚੱਲੀਏ।
ਬਾਲਮ ਏਨੀਂ ਨਠ ਭਜ ਹੈ ਭੌਤਿਕਤਾ ਤੇ ਦੈਹਿਕਤਾ ਦੀ,
ਜੀ ਕਰਦਾ ਏ ਸੁੰਨ ਮਸਾਨ ਗੁਫ਼ਾਵਾਂ ਨੂੰ ਮੁੜ ਚੱਲੀਏ।

**ਬਲਵਿੰਦਰ ਬਾਲਮ**

**-91-9815625409-ਕਨੇਡਾ**

## ਹਾਥੀ ਦੀ ਤੋਰ

ਹਾਥੀ ਤੁਰਦਾ ਆਪਣੀ ਤੋਰ।
ਪਿਛੇ ਉਹ - ਮਚਾਉਦੇ ਸ਼ੋਰ।
ਬਿਨਾਂ ਖੌਫ਼ ਤੋਂ ਆਪਣੀ ਚਾਲੇ,
ਹਾਥੀ ਤੁਰਦਾ ਬੇ-ਪ੍ਰਵਾਹ।
ਰੰਗੇ ਗਿੱਦੜ ਲੋਭੀ ਲੂੰਬੜ,
ਰੋਕ ਨਹੀਂ ਸਕਦੇ ਉਸ ਦਾ ਰਾਹ।
ਇਸ ਲਤਾੜੇ ਇਹ ਹਨ ਸਾਰੇ,
ਢਿੱਡ ਵਿਚ ਹੈ ਇਨ੍ਹਾਂ ਦੇ ਖੋਰ।
ਜੋ ਰਲ-ਮਿਲ ਸਨ ਲੁੱਟੀ ਜਾਂਦੇ,
ਲੁੱਟੀ ਜਾਂਦੇ ਕੁਟੀ ਜਾਂਦੇ।
ਭਰ ਭਰ ਕੇ ਨੋਟਾਂ ਦੇ ਬੋਰੇ,
ਘਰ ਆਪਣੇ ਸਨ ਸੁੱਟੀ ਜਾਂਦੇ।
ਕਰਮਚਾਰੀ ਤੇ ਕੀ ਅਧਿਕਾਰੀ,
ਨਹੀਂ ਬਖ਼ਸ਼ਣੇਂ ਵੱਢੀ-ਖੋਰ।
ਕੇਹਾ ਇਹ ਕੋਤਵਾਲ ਆ ਗਿਆ,
ਪੈੜ ਚੋਰਾਂ ਦੀ ਕੱਢੀ ਜਾਂਦਾ।
ਚਾਰੇ ਪਾਸੇ ਵਾਹ ਵਾਹ ਹੁੰਦੀ,
ਸਚ ਦੇ ਝੰਡੇ ਗੱਡੀ ਜਾਂਦਾ।
ਲੁੱਟ-ਲੁਟੇਰੇ ਕਾਬੂ ਕਰਨੇ,
ਛਡਣਾਂ ਕੋਈ ਬਾਕੀ ਚੋਰ।
ਰੇਤੇ ਵਾਲੇ ਬਜਰੀ ਚਾਲੇ,
ਗੱਡੀਆਂ ਵਾਲੇ ਠੱਗੀਆਂ ਵਾਲੇ।
ਚੁੰਣ ਚੁੰਣ ਸਾਰੇ ਖੂੰਜੇ ਲਾਉਣੇ,
ਨਹੀਂ ਬਖ਼ਸ਼ਣੇ ਜੀਜੇ ਸਾਲ਼ੇ।
ਸਭ ਦਾ ਲੇਖਾ-ਜੋਖ਼ਾ ਹੋਣਾਂ,
ਕੀ ਬਗਲੇ ਕੀ ਨੀਲੇ ਮੋਰ।
ਕਾਲੇ ਨਾਗ ਜੋ ਦੱਬੀ ਬੈਠੇ,
ਕੁੰਡਲੀ ਮਾਰ ਕੇ ਲੱਖ਼ ਕਰੋੜਾਂ।
ਇਕ ਮਾਂਦਰੀ ਮੰਤਰ ਛਡਿਆ,
ਲਗ ਗਈਆਂ ਸਭਨਾਂ ਦੀਆਂ ਦੌੜਾਂ।
ਵਾਦੀਆਂ ਵਿਚ ਜੋ ਮਹਿਲ ਉਸਾਰੇ,
ਦੇਣੇ ਉਨ੍ਹਾਂ ਦੇ ਕਿੰਗਰੇ ਭੋਰ।
ਇਕ ਅਚਾਨਕ ਹੜ੍ਹ ਆਗਿਆ,
ਲੈ ਗਿਆ ਰੋੜ੍ਹ ਕੇ ਖੁੰਢ ਪੁਰਾਣੇਂ।
ਵਿਚੇ ਰੁੜ੍ਹ ਗਏ ਬੜ੍ਹਕਾਂ ਵਾਲੇ,
ਵਿਚੇ ਰੁੜ ਗਏ ਰਾਜੇ -ਰਾਣੇਂ।
ਹੱਥ-ਪੈਰ ਤਾਂ ਬੜੇ ਸੀ ਮਾਰੇ,
ਨਹੀਂ ਚਲਿਆ ਕਿਸੇ ਦਾ ਜੋਰ।
ਹੋ ਜਾਣੀਂ ਹੁਣ ਸਾਫ਼ ਸਫ਼ਾਈ।
ਕੂੜਾ ਨਹੀਂ ਹੁੰਣ ਛਡਣਾਂ ਭਾਈ।
ਝੜ੍ਹ ਗਏ ਪੱਤ ਪੁਰਾਣੇ ਸੁਕੇ,
(ਸਰਾਂ) ਹੁਣ ਰੁੱਤ ਨਵੇਲੀ ਆਈ।
ਆਮ ਲੋਕਾਂ ਦੇ ਹੱਥ ਆ ਗਈ,
ਹੁੰਣ ਮੇਰੇ ਪੰਜਾਬ ਦੀ ਡੋਰ।
ਹਾਥੀ ਤੁਰਦਾ ਆਪਣੀ ਤੋਰ।

**ਬਲਵੰਤ ਸਰਾਂ ਮੱਦੋਕੇ**

## ਹੁਣ ਤੇ ਲੱਜ ਨਹੀਂ ਪਾਲੀ ਜਾਂਦੀ

**ਇਕਬਾਲ ਜ਼ਖਮੀ**

ਹੁਣ ਤੇ ਲੱਜ ਨਹੀਂ ਪਾਲੀ ਜਾਂਦੀ, ਕੀਤੇ ਕੌਲ ਕਰਾਰਾਂ ਦੀ।
ਅਫ਼ਰਾ-ਤਫ਼ਰੀ ਦੇ ਇਸ ਦੌਰ 'ਚ, ਨਿਭ ਨਹੀਂ ਸਕਦੀ ਯਾਰਾਂ ਦੀ।
ਦੱਸੋ ਲੋਕੋ! ਦੁਨੀਆ ਦਾ ਜੇ ਅਮਨ, ਤਬਾਹ ਨਹੀਂ ਹੁੰਦਾ ਪਿਆ,
ਕਿਉਂ ਮੁੜ ਲਹੂ ਨਾਲ ਲਿੱਖੀ ਜਾਪੇ,ਸੁਰਖ਼ੀ ਅੱਜ ਅਖ਼ਬਾਰਾਂ ਦੀ।
ਏਸ ਸਦੀ ਦੇ ਲੋਕਾਂ ਨੂੰ ਕੁੱਝ, ਇੰਜ ਮਜਬੂਰੀ ਡੰਗਿਆ ਏ
ਰੋਂਦੇ ਹੈਨ ਫ਼ਰਿਸ਼ਤੇ ਦੇਖ ਕੇ, ਹਾਲਤ ਖ਼ੁਦਮੁਖ਼ਤਾਰਾਂ ਦੀ ।
ਅੱਜ ਵੀ ਹੀਰਾਂ ਲੁੱਟੀਆਂ ਜਾਵਣ, ਰਾਂਝੇ ਕੰਨ ਫੜਵਾਂਦੇ ਨੇ,
ਅਦਲੀ ਰਾਜੇ ਕੀਮਤ ਨਹੀਂ ਅੱਜ ਪਾਉਂਦੇ ਕੂਕ-ਪੁਕਾਰਾਂ ਦੀ।
ਜੋਬਨ ਉੱਤੇ ਰੱਤਾ ਨਹੀਂ ਤੇ, ਦਿਲ ਦੇ ਵਿਚ ਉਦਾਸੀ ਏ,
ਮਰਨਿਉਂ! ਕੋਈ ਗੱਲ ਹੀ ਛੇੜੋ, ਸਾਕੀ ਦੀ ਮੈਖ਼ਾਰਾਂ ਦੀ ।
ਆਵਣ ਵਾਲਾ ਵੇਲਾ ਮੈਨੂੰ, ਹੋਰ ਵੀ ਔਖਾ ਦਿਸਦਾ ਏ,
ਹਾਲੇ ਹੋਰ ਵੀ ਵਧਦੀ ਜਾਪੇ, 'ਜ਼ਖ਼ਮੀ' ਅੱਗ ਬਜ਼ਾਰਾਂ ਦੀ ।



ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

**ਪੰਜਾਬ ਸਵੀਟ ਹਾਊਸ**

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave., Surrey, BC
**604-591-7611**

#8A-31205 Old Yale Rd., Abbotsford, BC
**604-504-1761**



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

**ਵਕੀਲ ਅਤੇ ਨੋਟਰੀ ਪਬਲਿਕ**

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com

# ਸਕਾਮਿਸ਼ ਵਿਖੇ 18 ਜੂਨ ਨੂੰ ਨਗਰ ਕੀਰਤਨ ਤੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਅਪੀਲ

# Sea to Sky Courier and Freight Ltd.



ਸਕਾਮਿਸ਼ ਵਿਚ 1998 ਤੋਂ ਪੰਜਾਬੀ ਭਾਈਚਾਰੇ ਦੀ ਸੇਵਾ ਵਿਚ ਸ਼ਾਨਦਾਰ, ਭਰੋਸੇਯੋਗ ਅਤੇ ਵਾਜਬ ਰੇਟ ਤੇ ਕੋਰੀਅਰ ਸੇਵਾਵਾਂ ਮੁਹੱਈਆ ਕਰ ਰਹੇ ਹਾਂ। ਪੰਜਾਬੀ ਬੋਲਣ ਵਾਲੇ ਡਰਾਈਵਰ ਅਤੇ ਸਟਾਫ।

SEA to SKY COURIER & FREIGHT

**Established in 1998 | Locally Owned and operated**

Owners are Sikh Punjabi that have resided in Sea to sky corridor for over 45 years.
Employees and drivers are predominately Punjabi speaking.

## Toll free: (866) 681-0496

## 1010 Industrial Way, Squamish BC

**Local: (604) 892-8484, Fax: (604) 892-8283**

**Web: www.seatoskycourier.com, Email: info@seatoskycourier.com** seatoskycourier



# ਸੋਫਾ ਫੈਕਟਰੀ

**LOWEST PRICES IN TOWN**

ਸਟੋਰ ਤੇ ਆ ਕੇ ਵੇਖੋ



## Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।

ਗੋਦਰੇਜ਼ ਦੀਆਂ ਅਲਮਾਰੀਆਂ ਦੀ ਨਵੀ ਸ਼ਿਪਮੈਂਟ ਪਹੁੰਚ ਚੁੱਕੀ ਹੈ 3 ਰੰਗਾਂ ਵਿਚ ਮਜ਼ਬੂਤ ਅਤੇ ਮਾਡਰਨ ਡਿਜਾਇਨ ਦੀਆਂ ਅਲਮਾਰੀਆਂ, ਜਿਆਦਾ ਸੇਫਟੀ ਲਈ ਡੱਬਲ ਲਾਕਰ ਸਿਸਟਮ

**$750** Introductory Price





## New Style Sofa Set





LIFE TIME WARRANTY ON FRAME & SPRINGS











ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ

ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ

# B&B FURNITURE

12732-80TH AVE. SURREY

604.594.6533

ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# Dev Bros

**Custom Tailoring**

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ 'ਚ

*We Specialize In*

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

**Phone:604-880-8434**

*#118, 32083 Hillcrst Ave, Abbotsford*





# PEACE FURNITURE

**For The Peace Of Your Mind**











ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca